੧ੴ ਸਤਿਗੁਰ ਪ੍ਰਸਾਦਿ ॥

# ਸੱਚਖੰਡ ਪੱਤਰ

February 2010



ਮਿਤੀ ੧-੩-੨੦੧੦ ਨੂੰ ਹੋਲਾ ਮਹੱਲਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਮਨਾਓ !

# सचखंड पत्र SACHKHAND PATRA

February 2010

ਫਰਵਰੀ ੨੦੧੦



# ਸੱਚਖੰਡ ਸਮਾਚਾਰ



ਮਾਨਯੋਗ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਜੀ ਦੇ ਸਪੁੱਤਰ ਸ੍ਰੀ ਸ਼ੇਖਾਵਤ ਜੀ ਦਰਸ਼ਨ ਲਈ ਤਖ਼ਤ ਸੱਚਖੰਡ ਸਾਹਿਬ ਪੁੱਜਣ ਤੇ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜੀ ਉਨ੍ਹਾਂ ਨੂੰ ਸ਼ਾਲ, ਹਾਰ ਤੇ ਮੋਮੈਂਟੋ ਭੇਟ ਕਰਦੇ ਹੋਏ ।



ਸ੍ਰੀ ਭਾਸਕਰ ਰਾਓ ਪਾਟਿਲ ਖਤਗਾਉਂਕਰ ਐਮ.ਪੀ., ਮਹਾਰਾਸ਼ਟਰ ਦੇ ਮਹਿਲਾ ਅਤੇ ਬਾਲ ਕਲਿਆਣ ਮੰਤਰੀ ਸ੍ਰੀ ਸੁਭਾਸ਼ ਝਨਕ, ਸ੍ਰੀ ਡੀ.ਪੀ. ਸਾਵੰਤ ਤੇ ਸ੍ਰੀ ਓਮ ਪ੍ਰਕਾਸ਼ ਪੋਕਰਨਾ (ਦੋਵੇਂ ਐਮ.ਐਲ.ਏ.) ਤਖ਼ਤ ਸੱਚਖੰਡ ਸਾਹਿਬ ਵਿਖੇ ਦਰਸ਼ਨਾਂ ਉਪਰੰਤ ਯਾਦਗਾਰੀ ਫੋਟੋ ਖਿਚਵਾਉਂਦੇ ਹੋਏ । ਸ: ਡੀ.ਪੀ. ਸਿੰਘ ਸੁਪਰਡੈਂਟ, ਸ: ਬਲਵੰਤ ਸਿੰਘ ਗਾੜੀਵਾਲੇ, ਸ: ਮੋਹਨ ਸਿੰਘ ਗਾੜੀਵਾਲੇ ਅਤੇ ਹੋਰ ਪਤਵੰਤੇ ਸੱਜਣ ਵੀ ਨਜ਼ਰ ਆ ਰਹੇ ਹਨ ।



ਕਾਂਗਰਸ ਦੇ ਮਹਾ ਸਚਿਵ ਸ੍ਰੀ ਦਿਗਵਿਜੇ ਸਿੰਘ ਜੀ ਦਰਸ਼ਨਾਂ ਲਈ ਤਖ਼ਤ ਸੱਚਖੰਡ ਸਾਹਿਬ ਪੁੱਜਣ ਉਪ੍ਰੰਤ ਉਨ੍ਹਾ ਦਾ ਸ਼ਾਲ ਮੋਮੈਂਟੋ ਨਾਲ ਸਵਾਗਤ ਕੀਤਾ ਗਿਆ ।





ਗੁਰਦੁਆਰਾ ਤਖ਼ਤ ਸੱਚਖੰਡ ਸਾਹਿਬ ਦੇ ਦਰਸ਼ਨਾਂ ਲਈ ਆਏ ਕੇਂਦਰੀ ਅਤੇ ਮਹਾਰਾਸ਼ਟਰਾ ਸਟੇਟ ਦੇ ਮੰਤਰੀ ਯਾਦਗਾਰੀ ਫੋਟੋ ਖਿਚਵਾਉਂਦੇ ਹੋਏ ।

# ਸੱਚਖੰਡ ਸਮਾਚਾਰ






ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਕਾਸ ਕਾਰਜਾਂ ਲਈ ਡਾ. ਕਰਤਾਰ ਸਿੰਘ ਜੀ ਲਲਵਾਨੀ ਇੰਗਲੈਂਡ ਨਿਵਾਸੀ ਵੱਲੋਂ ਲੰਗਰ ਹਾਲ ਲਈ ਦੋ ਕ੍ਰੋੜ ਰੁਪੈ ਭੇਟਾ ਕੀਤੇ ਗਏ । ਉਪਰਲੀ ਤਸਵੀਰ ਵਿੱਚ ਡਾ. ਕਰਤਾਰ ਸਿੰਘ ਜੀ ਲਲਵਾਨੀ ਤੇ ਉਨ੍ਹਾਂ ਦਾ ਪ੍ਰੀਵਾਰ ਯਾਦਗਰੀ ਤਸਵੀਰ ਖਿਚਵਾਉਂਦੇ ਹੋਏ ਹੇਠਲੀ ਤਸਵੀਰ ਵਿੱਚ ਸੁਪਰਡੈਂਟ ਸ੍ਰ: ਡੀ.ਪੀ. ਸਿੰਘ ਜੀ ਉਨ੍ਹਾਂ ਨੂੰ ਮੋਮੰਟੋ ਦੇਂਦੇ ਹੋਏ ਅਤੇ ਨਾਲ ਨਜ਼ਰ ਆ ਰਹੇ ਹਨ ਸ੍ਰ: ਠਾਨ ਸਿੰਘ ਸਹਾਇਕ ਸੁਪਰਡੈਂਟ-੩

ੴ ਵਾਹਿਗੁਰੂ ਜੀ ਕੀ ਫਤਹਿ ॥
ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

# ਸੱਚਖੰਡ ਪੱਤਰ

ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਲੋਂ ਪ੍ਰਕਾਸ਼ਤ ਧਾਰਮਿਕ ਮਾਸਕ ਪੱਤਰ

*ਸਾਲ ੩੯* *ਫਰਵਰੀ ੨੦੧੦* *ਅੰਕ ੪੨੪*

ਸੰਪਾਦਕ
*ਗਿਆਨੀ ਅਵਤਾਰ ਸਿੰਘ 'ਸ਼ੀਤਲ'*
*M.Com., L.L.B.*

ਸਹਾ. ਸੰਪਾਦਕ
*ਰਾਜਦਵਿੰਦਰ ਸਿੰਘ 'ਕੱਲ੍ਹਾ'*
*M.A., G.P.*

## ਗੁਰਪੁਰਬ ਤੇ ਦਿਨ ਤਿਉਹਾਰ
## ਫਰਵਰੀ–ਮਾਰਚ ੨੦੧੦

* ਚੌਕੀ ਮੇਲਾ ਗੁ:ਰਤਨਗੜ੍ਹ ਸਾਹਿਬ — ੧੨ ਫਰਵਰੀ
* ਚੌਕੀ ਮੇਲਾ ਗੁ:ਨਾਨਕਸਰ ਸਾਹਿਬ, ਨਾਨਕਪੁਰੀ ਸਾਹਿਬ, ਗੁ: ਵਿਸ਼ਨਪੁਰੀ ਅਤੇ ਬੰਦਾ ਘਾਟ ਸਾਹਿਬ — ੧੩ ਫਰਵਰੀ
* ਚੌਕੀ ਮੇਲਾ ਗੁ: ਦਮਦਮਾ ਸਾਹਿਬ, ਬਸਮਤਨਗਰ — ੧੪ ਫਰਵਰੀ
* ਹੋਲੀ — ੨੮ ਫਰਵਰੀ
* ਸੰਗਰਾਂਦ — ੧੨ ਫਰਵਰੀ
* ਮੱਸਿਆ — ੧੪ ਫਰਵਰੀ
* ਪੂਰਨਮਾਸੀ — ੨੮ ਫਰਵਰੀ
* ਹੋਲਾ ਮਹੱਲਾ — ੧ ਮਾਰਚ
* ਗੁਰਤਾਗੱਦੀ ਪਾ: ੭ — ੧੩ ਮਾਰਚ
* ਗੁਰਤਾਗੱਦੀ ਪਾ: ੩ — ੧੬ ਮਾਰਚ
* ਜੋਤੀ ਜੋਤ ਪਾ: ੨ — ੧੯ ਮਾਰਚ
* ਜੋਤੀ ਜੋਤ ਪਾ: ੬ — ੨੦ ਮਾਰਚ
* ਗੁਰਤਾਗੱਦੀ ਪਾ: ੯ — ੨੮ ਮਾਰਚ
* ਜੋਤੀ ਜੋਤ ਪਾ: ੮ — ੨੮ ਮਾਰਚ
* ਸ਼ਹੀਦੀ ਦਿਨ ਸ੍ਰ:ਭਗਤ ਸਿੰਘ ਜੀ — ੨੩ ਮਾਰਚ
* ਸੰਗਰਾਂਦ — ੧੪ ਮਾਰਚ
* ਮੱਸਿਆ — ੧੫ ਮਾਰਚ
* ਪੂਰਨਮਾਸੀ — ੩੦ ਮਾਰਚ

## ਦਰਪਨ

* ਸੰਪਾਦਕੀ — ੩
* ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕਾਂ ਵਿੱਚ ਵੈਰਾਗ – *ਬੀਬੀ ਦਲਜੀਤ ਕੌਰ ਐਮ.ਏ., ਐਮ.ਫਿਲ* — ੯
* ਹਉਮੈ ਦੀਰਘ ਰੋਗੁ ਹੈ – *ਡਾ. ਸਮਸ਼ੇਰ ਸਿੰਘ ਜੀ* — ੧੫
* ਗੁਰੂ ਮਾਨਿਓ ਗ੍ਰੰਥ–੧੦ – *ਡਾ. ਰਤਨ ਸਿੰਘ ਜੀ ਜੱਗੀ* — ੨੦
* ਦੋਸੁ ਨ ਦੀਜੈ ਕਾਹੂ – *ਡਾ. ਗੁਰਚਰਨ ਸਿੰਘ ਜੀ* — ੨੩
* ਨਿਸ਼ਾਨ ਸਾਹਿਬ –*ਗਿ: ਦਰਬਾਰਾ ਸਿੰਘ ਜੀ* — ੨੮
* ਵਡਿਆਈ ਵੀਚਾਰੁ–*ਸ੍ਰ: ਗੁਰਦੀਪ ਸਿੰਘ ਜੀ* — ੨੯
* ਝੂਠਾ ਮਦੁ ਮੂਲਿ ਨ ਪੀਚਈ – *ਸ੍ਰ: ਸੁਰਿੰਦਰ ਸਿੰਘ ਜੀ ਗੌਰੀ* — ੩੪
* ਸਰਕਾਰ ਖਾਲਸਾ ਅਤੇ ਸਜ਼ਾ–ਏ–ਮੌਤ – ਡਾ. ਹਰਨਾਮ ਸਿੰਘ ਸ਼ਾਨ — ੩੯

### हिन्दी विभाग

* श्री गुरु हरिगोबिंद साहिब जी - स. तेजा सिंघ सोढी — २
* सुखमनी साहिब में नाम-स्मरण की महिमा -डॉ. रंजना मेहता — ७
* श्री गुरु ग्रंथ साहिब जी में जाति-पाति का संकल्प -स. जगरुप सिंघ धालीवाल — १०

### ENGLISH SECTION

* Sri Guru Gobind Singhji's The Holy Mission - *S. Sucha Singh Lasaria* — 2
* Sajjan Thug to Real Sajjan - *S.Gurbachan Singh* — 8

*ਨੋਟ :- 'ਸੱਚਖੰਡ ਪੱਤਰ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਕੁਲ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਸੋ, ਲਾਜ਼ਮੀ ਨਹੀਂ ਕਿ ਇਹਨਾਂ ਨਾਲ ਗੁ: ਬੋਰਡ ਜਾਂ ਅਦਾਰਾ ਸੱਚਖੰਡ ਪੱਤਰ ਪੂਰੀ ਤਰ੍ਹਾਂ ਸਹਿਮਤ ਹੋਵੇ।* –ਪ੍ਰਕਾਸ਼ਕ

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ
## ਪਵਿੱਤਰ ਮਰਯਾਦਾ (ਪੂਜਾ ਪਾਠ)

| | | |
|---|---|---|
| ❋ | ਤਖ਼ਤ ਇਸ਼ਨਾਨ ਲਈ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਗਾਗਰੀਆ ਸਿੰਘ ਜੀ ਲੈਕੇ ਹਾਜ਼ਰ ਹੁੰਦੇ ਹਨ | ੧-੪੫ ਅੰਮ੍ਰਿਤ ਵੇਲੇ |
| ❋ | ਆਰੰਭ ਪਾਠ ਸੁਖਮਨੀ ਸਾਹਿਬ ਜੀ | ੨-੦੦ ਅੰਮ੍ਰਿਤ ਵੇਲੇ |
| ❋ | ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ | ੩-੦੦ ਸਵੇਰੇ |
| ❋ | ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੩-੨੦ ਸਵੇਰੇ |
| ❋ | ਕੀਰਤਨ ਆਰੰਭ ਸ੍ਰੀ ਆਸਾ ਜੀ ਦੀ ਵਾਰ | ੩-੩੦ ਸਵੇਰੇ |
| ❋ | ਕੀਰਤਨ ਸਮਾਪਤੀ ਸ੍ਰੀ ਆਸਾ ਜੀ ਦੀ ਵਾਰ | ੬-੦੦ ਸਵੇਰੇ |
| ❋ | ਭੋਗ ਦੇਗ (ਕੜ੍ਹਾਹ) ਪ੍ਰਸ਼ਾਦਿ, ਦੂਸਰਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰੰਤ ਅਨੰਦ ਸਾਹਿਬ ਜੀ ਦੀ ਚੌਕੀ ਆਰੰਭ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਅਨੰਦ ਸਾਹਿਬ ਜੀ ਦੀ ਚੌਕੀ ਦੀ ਸਮਾਪਤੀ | ੬-੧੫ ਤੋਂ ੭-੩੦ |
| ❋ | ਕਥਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੭-੩੦ ਸਵੇਰੇ |
| ❋ | ਆਰੰਭ ਤੇ ਸਮਾਪਤੀ ਅਖੰਡ ਪਾਠ, ਸਪਤਾਹ ਪਾਠ ਅਤੇ ਸਾਧਾਰਨ ਪਾਠ | ੧੦-੧੫ ਸਵੇਰੇ |
| ❋ | ਅੰਮ੍ਰਿਤ ਸੰਚਾਰ | ੧੦-੩੦ ਸਵੇਰੇ |
| ❋ | ਸਮਾਪਤੀ ਕੀਰਤਨ ਚਰਨ ਕੰਵਲ | ੧੧-੩੦ ਸਵੇਰੇ |
| ❋ | ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੧੨-੦੦ ਦੁਪਹਿਰ |
| ❋ | ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਜੀ ਦੀ ਸਫਾਈ | ੧੨ ਤੋਂ ੧ ਦੁਪਹਿਰ |
| ❋ | ਭੋਗ ਦੇਗ ਪ੍ਰਸ਼ਾਦਿ | ੩-੪੫ ਦੁਪਹਿਰ |
| ❋ | ਕਥਾ ਸੂਰਜ ਪ੍ਰਕਾਸ਼ | ੪ ਤੋਂ ੫ ਦੁਪਹਿਰ |
| ❋ | ਕੀਰਤਨ ਸੋਦਰ ਚੌਕੀ | ੫-੦੦ ਸ਼ਾਮ |
| ❋ | ਪਾਠ ਰਹਿਰਾਸ ਸਾਹਿਬ ਜੀ | ੬-੩੦ ਸ਼ਾਮ |
| ❋ | ਆਰਤੀ ਚੌਕੀ ਸਵੈਯੇ | ੭-੩੦ ਰਾਤ |
| ❋ | ਕੀਰਤਨ ਸੋਹਿਲਾ | ੮-੪੫ ਰਾਤ |

## ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ

ਪਵਿੱਤਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਰਾਤ ਨੂੰ ਆਰਤੀ ਤੋਂ ਉਪਰੰਤ ਕਰਾਏ ਜਾਂਦੇ ਹਨ

**ਗੁਰੂ ਕਾ ਲੰਗਰ ੨੪ ਘੰਟੇ ਅਤੁੱਟ ਵਰਤਦਾ ਹੈ।**

ਸੰਪਾਦਕੀ :-

# ਸ੍ਰੀ ਹਜ਼ੂਰ ਸਾਹਿਬ ਲਈ ਇਕ ਅਦੁੱਤੀ ਸੌਗਾਤ

ਕਿਸੇ ਵੀ ਧਰਮ ਦਾ ਇਤਿਹਾਸ ਉਸ ਧਰਮ ਦਾ ਗੌਰਵ ਤੇ ਉਸ ਧਰਮ ਦੇ ਸਿਧਾਂਤ ਦਾ ਦਰਪਨ ਹੁੰਦਾ ਹੈ । ਸੰਸਾਰ ਵਿਚ ਉਹ ਕੌਮਾਂ ਜਿਉਂਦੀਆਂ ਨੇ ਜਿਨ੍ਹਾਂ ਕੌਮਾਂ ਦਾ ਇਤਿਹਾਸ ਉਹਨਾਂ ਦੀ ਨੌਜਵਾਨ ਪੀੜ੍ਹੀ ਤੀਕ ਠੀਕ-ਠਾਕ ਪਹੁੰਚ ਜਾਵੇ ਤੇ ਨਿਰੰਤਰ ਪ੍ਰਚਾਰਿਤ ਹੁੰਦਾ ਰਹੇ। ਗੁਰ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੀਕ ਦਾ ਗੁਰ ਇਤਿਹਾਸ ਅਤੇ ਇਸ ਕਾਲ ਖੰਡ ਦੇ ਉਪਰੰਤ ਸਿੱਖ ਇਤਿਹਾਸ ਇਹ ਸਿੱਖ ਧਰਮ ਦਾ ਸੁਨਹਿਰੀ ਕਾਲ ਤੇ ਧਰਮ ਦਾ ਦਰਪਨ ਹੈ, ਜੋ ਅੱਜ ਸਾਡੇ ਨੌਜਵਾਨ ਬੱਚੇ ਬੱਚੀਆਂ ਨੂੰ ਗਿਆਤ ਹੋਣਾ ਜ਼ਰੂਰੀ ਹੈ । ਆਪਣੇ ਧਰਮ ਦੇ ਨਾਲ ਨਾਲ ਗੈਰ ਸਿੱਖ ਵੀਰਾਂ ਨੂੰ ਵੀ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਹੋਰ ਵੀ ਚੰਗੀ ਗੱਲ ਹੈ ।

ਇਹਨਾਂ ਉਪਕਾਰੀ ਵਿਚਾਰਾਂ ਨੂੰ ਪੂਰਨ ਕਰਨ ਲਈ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੀ ਪਾਵਨ ਧਰਤੀ ਤੇ, ਗੁਰਦੁਆਰਾ ਗੋਬਿੰਦ ਬਾਗ ਦੇ ਖੁਲ੍ਹੇ ਪਰਿਸਰ ਵਿਚ ਇਕ ਵਿਸ਼ਾਲ ਅਤੇ ਅੰਤਰਰਾਸ਼ਟ੍ਰੀ ਪੱਧਰ ਤੇ ਲੇਜ਼ਰ ਲਾਈਟ, ਸਾਉਂਡ ਮਿਉਜ਼ੀਕਲ ਫਾਉਂਟੇਨ ਬਣਾਇਆ ਗਿਆ ਹੈ, ਜੋ ਛੇਤੀ ਹੀ ਸੰਗਤਾਂ ਲਈ ਆਰੰਭ ਹੋਣ ਵਾਲਾ ਹੈ ।

ਪਿਛਲੇ ਦਿਨੀਂ ਤਖ਼ਤ ਸਾਹਿਬ ਦੇ ਸਤਿਕਾਰ ਯੋਗ ਪੰਜ ਪਿਆਰੇ ਸਾਹਿਬਾਨ ਲਈ ਮਾਨਯੋਗ ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਅਤੇ ਸ੍ਰ. ਜਸਬੀਰ ਸਿੰਘ ਜੀ ਧਾਮ ਦੇ ਕਹਿਣ ਤੇ ਇਹ ਮਿਉਜ਼ੀਕਲ ਫਾਉਂਟੇਨ ਦਾ ਇੱਕ ੫੦ ਮਿੰਟਾਂ ਦਾ ਸ਼ੋਅ (ਪ੍ਰਦਰਸ਼ਨ) ਰਖਿਆ ਗਿਆ ਸੀ । ਦਾਸ ਦੀ ਸੇਵਾ ਵੀ ਪੰਜਾਂ ਪਿਆਰਿਆਂ ਵਿਚ ਹੀ ਚਲ ਰਹੀ ਸੀ, ਸੋ ਦਾਸ ਨੂੰ ਵੀ ਇਹ ਪ੍ਰਦਰਸ਼ਨ (show) ਵੇਖਣ ਦਾ ਅਵਸਰ ਮਿਲਿਆ । ਗੁਰਦੁਆਰਾ ਗੋਬਿੰਦ ਬਾਗ ਜੋ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਕੇਵਲ ਦੋ ਫਰਲਾਂਗ ਦੀ ਦੂਰੀ ਤੇ ਸੁਸ਼ੋਭਿਤ ਹੈ, ਰਾਤ ੯ ਵਜੇ ਸਾਰੇ ਪੰਜ ਪਿਆਰੇ ਸਾਹਿਬਾਨ ਅਤੇ ਡਾ. ਪਰਵਿੰਦਰ ਸਿੰਘ ਜੀ ਪਸਰੀਚਾ, ਸ੍ਰ. ਜਸਬੀਰ ਸਿੰਘ ਜੀ ਧਾਮ ਅਤੇ ਸੁਪਰਡੈਂਟ ਸ੍ਰ. ਡੀ. ਪੀ. ਸਿੰਘ ਜੀ ਇਹ ਟ੍ਰਾਯਲ ਸ਼ੋਅ ਵੇਖਣ ਲਈ ਗੁਰਦੁਆਰਾ ਗੋਬਿੰਦ ਬਾਗ ਪਹੁੰਚੇ ।

ਵੱਖ ਵੱਖ ਪ੍ਰਕਾਰ ਦੇ ਰੰਗਾਂ ਨਾਲ ਸੁਸੱਜਿਤ ਲੇਜ਼ਰ, ਲਾਈਟ, ਸਾਉਂਡ, ਮਿਉਜ਼ੀਕਲ ਫਾਉਂਟੇਨ ਦਾ ਪ੍ਰਦਰਸ਼ਨ ਆਰੰਭ ਹੋਇਆ । ਪਾਣੀ ਦੇ ਵੱਖ ਵੱਖ ਫੱਵਾਰੇ ਜੋ ਬਹੁਤ ਉੱਚੇ ਉਠਦਿਆਂ ਵੱਖ ਵੱਖ ਪ੍ਰਕਾਰ ਦੇ ਆਕਾਰ ਬਣਾਉਂਦੇ ਰੰਗੀਨ ਬੇਹੱਦ ਖ਼ੂਬਸੂਰਤ, ਸੁੰਦਰ ਅਤੇ ਵਿਸ਼ਾਲ ਨਜ਼ਰ ਆ ਰਹੇ ਸਨ । ਇਹਨਾਂ ਸੁੰਦਰ ਦਿਲਕਸ਼ ਫੱਵਾਰਿਆਂ ਵਿਚ ਲੇਜ਼ਰ ਅਤੇ ਲਾਈਟ ਦੇ ਸਹਿਯੋਗ ਨਾਲ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਸੰਖੇਪ ਵਿਚ ਚਿਤ੍ਰਾਂ ਦੇ ਨਾਲ ਦਰਸਾਇਆ ਗਿਆ ਹੈ । ਇਹ ਪ੍ਰਦਰਸ਼ਨ ੫੦ ਮਿੰਟਾਂ ਦਾ ਹੈ, ਜਿਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਦੇ ਖ਼ਾਸ-ਖ਼ਾਸ ਪ੍ਰਸੰਗਾਂ ਨੂੰ ਦਰਸਾਇਆ ਗਿਆ ਹੈ । ਰੰਗ ਬਿਰੰਗੇ ਜਲ ਦੇ ਫੁਵਾਰਿਆਂ ਵਿਚ ਹੀ ਲੇਜ਼ਰ ਤਕਨੀਕ ਨਾਲ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜ਼ੂਰ

ਸਾਹਿਬ ਨਾਂਦੇੜ, ਆਦਿ ਗੁਰਧਾਮਾਂ ਦੇ ਦਰਸ਼ਨ ਹੋ ਜਾਂਦੇ ਹਨ ਅਤੇ ੫੦ ਮਿੰਟਾਂ ਵਿਚ ਗੁਰ-ਇਤਿਹਾਸ ਦੀ ਇਹੋ ਜਿਹੀ ਝਲਕੀ ਪ੍ਰਾਪਤ ਹੋ ਜਾਂਦੀ ਹੈ ਜੋ ਰਹੱਸਮਈ ਹੈ, ਅੱਖਾਂ ਨੂੰ ਚੁੰਧਿਆਣ ਵਾਲੀ ਹੈ, ਮਨੋਹਰ ਹੈ, ਦਿਲਚਸਪ ਹੈ, ਸੁੰਦਰ ਹੈ ਅਤੇ ਅਦੁੱਤੀ ਹੈ, ਜਿਸਨੂੰ ਇਕ ਵਾਰੀ ਵੇਖ ਕੇ ਬੰਦਾ ਬਾਰ-ਬਾਰ ਵੇਖਣਾ ਚਾਹੇ ਤੇ ਜੀਵਨ ਭਰ ਇਸ ਨੂੰ ਭੁਲਾ ਨਾ ਪਾਵੇ।

ਇਹ ੫੦ ਮਿੰਟਾਂ ਦਾ ਸ਼ੋ ਅਜੇ ਸਮਾਪਤ ਹੀ ਨਹੀਂ ਹੋਇਆ, ਵਿਚਕਾਰ ਹੀ ਸਤਿਕਾਰ ਯੋਗ ਬਾਬਾ ਕੁਲਵੰਤ ਸਿੰਘ ਜੀ, ਜਥੇਦਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੇ ਸ੍ਰ. ਜਸਬੀਰ ਸਿੰਘ ਜੀ ਧਾਮ ਨੂੰ ਸ਼ਾਬਾਸੀ ਤੇ ਅਸੀਸ ਦਿੱਤੀ ਕਿ ਇਹ ਇਕ ਬੇਜੋੜ ਅਤੇ ਅਦੁੱਤੀ ਪ੍ਰੋਗਰਾਮ ਹੈ । ਨਾਲ ਹੀ ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਉਹਨਾਂ ਪ੍ਰਤੀ ਵੀ ਬਾਬਾਜੀ ਨੇ ਧੰਨਵਾਦ ਵਿਅਕਤ ਕੀਤਾ ।

ਇੱਥੇ ਇਹ ਦਸ ਦੇਣਾ ਵੀ ਠੀਕ ਰਹੇਗਾ ਕਿ ਇਸ ਲੇਜਰ ਲਾਈਟ, ਸਾਊਂਡ ਮਿਊਜੀਕਲ ਫਾਊਂਟੇਨ ਦੀ ਕਲਪਨਾਂ ਨੂੰ ਸਾਕਾਰ ਰੂਪ ਦੇਣ ਲਈ ਸ੍ਰ. ਜਸਬੀਰ ਸਿੰਘ ਜੀ ਧਾਮ ਨੇ ਹੀ (ਇਸ ਪ੍ਰੋਗਰਾਮ ਨੂੰ ਕਨਸੀਵ ਤੇ ਡਾਇਰੇਕਟ ਕਰਨ ਦੇ ਨਾਤੇ ) ਸਾਰਾ ਕੰਮ ਕੀਤਾ ਹੈ ।ਇਸ ਸ਼ੋਅ ਦਾ ਬੈਕ ਗ੍ਰਾਊਂਡ ਸੰਗੀਤ ਪ੍ਰਸਿੱਧ ਗਜ਼ਲ ਗਾਇਕ ਸ੍ਰੀ ਜਗਜੀਤ ਸਿੰਘ ਜੀ ਨੇ ਤਿਆਰ ਕੀਤਾ ਤੇ ਬੈਕ ਗ੍ਰਾਊਂਡ 'ਚ ਗੁਰਬਾਣੀ ਦੇ ਸ਼ਬਦ ਵੀ ਉਨ੍ਹਾਂ ਦੀ ਮਧੁਰ ਆਵਾਜ਼ ਵਿਚ ਗਾਇਨ ਕੀਤੇ ਗਏ ਹਨ । ਸ੍ਰ. ਜਸਬੀਰ ਸਿੰਘ ਜੀ ਧਾਮ ਨੇ ਸਕ੍ਰਿਪਟ ਇਸ ਤਰ੍ਹਾਂ ਲਿਖੀ ਹੈ ਕਿ ਜਾਪਦਾ ਹੈ ਜਿਵੇਂ ਗਾਗਰ ਵਿਚ ਸਾਗਰ ਸਮਾ ਗਿਆ ਹੋਵੇ ।

ਗੁਰਦੁਆਰਾ ਗੋਬਿੰਦ ਬਾਗ ਪਰਿਸਰ ਦੇ ਅੱਠ ਕਿੱਲੇ (ਏਕੜ) ਜਗ੍ਹਾ ਵਿਚ ਇਹ ਪ੍ਰੋਜੇਕਟ ਤਿਆਰ ਕੀਤਾ ਗਿਆ ਹੈ, ਜਿਸ ਵਿਚ ਇਹ ਮਿਊਜਿਕਲ ਫਾਊਂਟੇਨ ਢਾਈ ਏਕੜ (ਕਿਲੇ) ਜਗ੍ਹਾ ਵਿਚ ਤਿਆਰ ਕੀਤਾ ਗਿਆ ਹੈ । ਇਸ ਸ਼ੋ (**show**) ਨੂੰ ਇਕ ਸਮੇਂ ਇਕ ਹਜ਼ਾਰ ਦਰਸ਼ਕ ਬੈਠ ਕੇ ਵੇਖ ਸਕਦੇ ਹਨ । ਇਹ ਇਕ ਅੰਤਰ ਰਾਸ਼ਟ੍ਰੀ ਪੱਧਰ ਦਾ ਫਾਊਂਟੇਨ ਸ਼ੋ (**show**) ਹੋਵੇਗਾ ।

ਇਸ ਫਾਊਂਟੇਨ ਦੇ ਆਲੇ ਦੁਆਲੇ ਵੱਖ-ਵੱਖ ਪ੍ਰਕਾਰ ਦੇ ਬ੍ਰਿਛ ਆਦਿ ਲਾਏ ਗਏ ਹਨ, ਹਰਿਆਵਲ ਦਿਖ ਲਈ ਅਤਿ ਸੁੰਦਰ ਘਾਹ ਲਾਇਆ ਗਿਆ ਹੈ । ਸੰਗਤਾਂ ਦੇ ਬੈਠਣ ਦੀ ਚੰਗੀ ਵਿਵਸਥਾ ਕੀਤੀ ਗਈ ਹੈ । ਇਸ ਪਰਿਸਰ ਵਿਚ ਆ ਕੇ ਇਉਂ ਜਾਪਦਾ ਹੈ ਕਿ ਅਸੀਂ ਇਕ ਵਖਰੀ ਤਿਲਸਮੀ ਦੁਨੀਆਂ ਵਿਚ ਆ ਗਏ ਹਾਂ । ਗੁਰ ਇਤਿਹਾਸ ਵੇਖ-ਸੁਣ ਕੇ ਸਿੱਖ ਨੌਜਵਾਨ ਬੱਚਿਆਂ ਵਿਚ ਆਪਣੇ ਗੁਰੂਆਂ ਪ੍ਰਤੀ ਸ਼ਰਧਾ ਭਾਵਨਾ ਜ਼ਰੂਰ ਜਾਗੇਗੀ ਅਤੇ ਜੋ ਭਟਕਣ ਦੀ ਤਰਫ ਨੌਜਵਾਨ ਪੀੜੀ ਜਾ ਰਹੀ ਹੈ ਮੁੜ ਆਪਣੀਆਂ ਜੜ੍ਹਾਂ ਨਾਲ, ਆਪਣੇ ਵਿਰਸੇ ਨਾਲ ਜੁੜ ਜਾਏਗੀ । ਇਸ ਪ੍ਰਕਾਰ ਇਸ ਦਾ ਧਾਰਮਿਕ, ਸਾਮਾਜਿਕ ਅਤੇ ਇਤਿਹਾਸਕ ਮਹਤੱਵ ਹੋਵੇਗਾ । ਇਹ ਆਪਣੇ ਆਪ ਵਿਚ ਇਕ ਅਲੌਕਿਕ, ਅਦਭੁਤ ਅਤੇ ਅਦੁੱਤੀ ਸੌਗਾਤ ਹੋਵੇਗੀ ਸ੍ਰੀ ਹਜ਼ੂਰ ਸਾਹਿਬ ਲਈ ਵੀ ਅਤੇ ਇਥੇ ਆ ਕੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਲਈ ਵੀ ।

ਪਿਛਲੇ ਦਿਨੀ ਮਹਾਰਾਸ਼ਟਰ ਦੇ ਟੂਰਿਜ਼ਮ ਮੰਤ੍ਰੀ ਸ੍ਰੀਮਤੀ ਵਰਸ਼ਾ ਗਾਇਕਵਾਡ, ਨਾਂਦੇੜ ਆਏ ਸਨ, ਉਹਨਾਂ ਨੇ ਪ੍ਰਦਰਸ਼ਨ ਨੂੰ ਵੇਖ ਕੇ ਕਿਹਾ ਸੀ ਕਿ ਇਹ ਇਕ ਅੰਤਰਰਾਸ਼ਟ੍ਰੀ ਪੱਧਰ ਦਾ ਪ੍ਰੋਗਰਾਮ ਹੈ । ਉਹਨਾਂ ਨੇ ਇਸਨੂੰ ਵੇਖ ਕੇ ਆਪਣੀ ਖੁਸ਼ੀ ਜਾਹਿਰ ਕੀਤੀ ਸੀ ।

ਇਸ ਫਾਊਂਟੇਨ ਦੇ ਲਾਗੇ ਹੀ ਗੁਰਦੁਆਰਾ ਗੋਬਿੰਦ ਬਾਗ ਦੀ ਨਵੀਂ ਇਮਾਰਤ ਬਣਾਈ ਗਈ ਹੈ ਜੋ ਬੇਹੱਦ ਸੁੰਦਰ ਹੈ ਤੇ ਇਸ ਪਾਵਨ ਅਸਥਾਨ ਤੇ ਸੁਸ਼ੋਭਿਤ ਹੋ ਰਹੀ ਹੈ। ਹੁਣ ਸ੍ਰੀ ਹਜ਼ੂਰ ਸਾਹਿਬ ਆਉਣ ਵਾਲੇ ਯਾਤ੍ਰੀਆਂ ਲਈ ਇਹ ਲੇਜਰ, ਲਾਈਟ, ਸਾਊਂਡ ਮਿਊਜ਼ੀਕਲ ਫਾਊਂਟੇਨ ਇਕ ਵਿਸ਼ੇਸ਼ ਆਕਰਸ਼ਨ ਹੋਵੇਗਾ । ਇਸ ਦੇ ਰੋਜ਼ਾਨਾ ਦੋ ਸ਼ੋ ਹੋਣਗੇ। ਇਸਨੂੰ ਵੇਖਣਾ ਆਪਣੇ ਆਪ ਵਿਚ ਇਕ ਵਿਸਮਾਦੀ ਅਨੁਭਵ ਹੋਵੇਗਾ । ਇਹ ਸੰਗਤਾਂ ਲਈ ਛੇਤੀ ਹੀ ਆਰੰਭ ਹੋਣ ਵਾਲਾ ਹੈ ।

ਇਸ ਦੀ ਪੂਰਨਤਾ ਅਤੇ ਸਫਲਤਾ ਵਿਚ ਡਾ. ਪਰਵਿੰਦਰ ਸਿੰਘ ਜੀ ਪਸਰੀਚਾ, ਪ੍ਰਸ਼ਾਸਕ - ਗੁਰਦੁਆਰਾ ਸੱਚਖੰਡ ਸਾਹਿਬ, ਸ੍ਰ. ਜਸਬੀਰ ਸਿੰਘ ਜੀ ਧਾਮ, ਸ੍ਰ. ਡੀ. ਪੀ. ਸਿੰਘ ਜੀ ਸੁਪਰਡੈਂਟ, ਸ੍ਰੀ ਜਗਜੀਤ ਸਿੰਘ ਜੀ ਗਜ਼ਲ ਗਾਇਕ ਆਦਿ ਅਤੇ ਇਹਨਾਂ ਦੇ ਸਾਰੇ ਸਹਿਯੋਗੀਆਂ ਦੀ ਮਿਹਨਤ ਸ਼ਾਮਿਲ ਹੈ ।

–ਗਿ. ਅਵਤਾਰ ਸਿੰਘ 'ਸ਼ੀਤਲ'

## : ਪੁੱਛ–ਗਿੱਛ ਦਫਤਰ ਤੇ ਹੋਰ ਜਰੂਰੀ ਫੋਨ ਨੰਬਰ :

| | |
|---|---|
| ਦਫਤਰ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ | = (02462)-243559, 244166 |
| ਦਫਤਰ ਚੇਅਰਮੈਨ ਪ੍ਰਸ਼ਾਸਕੀ ਸਮਿਤੀ | = 02462-234813 |
| ਦਫਤਰ ਪੁੱਛ–ਗਿਛ ਅਖੰਡ ਪਾਠ ਸਾਹਿਬ | = 02462-241266 |
| ਦਫਤਰ ਮਾਸਿਕ ਸੱਚਖੰਡ ਪੱਤਰ | = 02462-231170 |
| ਫੈਕਸ ਨੰਬਰ ਦਫਤਰ ਗੁਰਦੁਆਰਾ ਸੱਚਖੰਡ ਬੋਰਡ | = 02462-234812 |
| ਸ੍ਰੀ ਗੁਰੂ ਰਾਮਦਾਸ ਜੀ ਯਾਤ੍ਰੀ ਨਿਵਾਸ | = 02462-234901 |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਨ.ਆਰ.ਈ. ਯਾਤ੍ਰੀ ਨਿਵਾਸ | = 02462-234902 |
| ਰਿਹਾਇਸ਼ ਗੁ: ਸੱਚਖੰਡ ਸਾਹਿਬ ਪਰਿਸਰ | = 02462-234903 |
| ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਯਾਤ੍ਰੀ ਨਿਵਾਸ | = 02462-313517 |

## –: ਫ੍ਰੀ–ਬੱਸ ਸੇਵਾ :–

ਰੇਲਵੇ ਸਟੇਸ਼ਨ ਤੋਂ ਸੱਚਖੰਡ ਐਕਸਪ੍ਰੈਸ ਟ੍ਰੇਨ ਰਾਹੀਂ ਆਉਣ ਵਾਲੀਆਂ ਸੰਗਤਾਂ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰਪੋਰਟ ਨਾਂਦੇੜ ਤੋਂ ਆਉਣ ਵਾਲੀਆਂ ਸੰਗਤਾਂ ਲਈ ਤਖ਼ਤ ਸੱਚਖੰਡ ਸਾਹਿਬ ਸਰਾਵਾਂ ਤੀਕ ਫ੍ਰੀ–ਬੱਸ ਸੇਵਾ ਹੈ ਜੀ ਅਤੇ ਇਸੇ ਤਰ੍ਹਾਂ ਰੋਜ਼ਾਨਾ ਸਵੇਰੇ ੮.੩੦ ਵਜੇ ਸਰਾਵਾਂ ਤੋਂ ਰੇਲਵੇ ਸਟੇਸ਼ਨ ਲਈ ਫ੍ਰੀ–ਬੱਸ ਸੇਵਾ ਹੈ ਜੀ ।

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਲਈ ਬੈਂਕ ਜਾਂ ATM ਰਾਹੀਂ ਸਿੱਧੇ ਮਾਇਆ ਭੇਜਣ ਬਾਰੇ ਸੂਚਨਾ

੧) ਦੇਸ਼ ਭਰ ਵਿਚੋਂ ਕਿਸੇ ਵੀ ਥਾਂ ਤੋਂ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਨਾਂਦੇੜ ਲਈ Current Account No. 01 ਜਾਂ Saving Account No. 85 ਵਿਚ ਸਿੱਧੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਮਾਇਆ ਜਮਾਂ ਕੀਤੀ ਜਾ ਸਕਦੀ ਹੈ। ਬੈਂਕ ਵਲੋਂ ਕਿਸੇ ਪ੍ਰਕਾਰ ਦਾ ਬੈਂਕ ਕਮਿਸ਼ਨ / ਚਾਰਜ ਨਹੀਂ ਲਿਆ ਜਾਂਦਾ।

੨) ਦੇਸ਼ ਭਰ ਦੇ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿਚੋਂ Saving Account No. 0367000100002416 ਵਿਚ ਆਪਣੀ ਮਾਇਆ ਜਮਾਂ ਕਰਵਾ ਸਕਦੇ ਹੋ।

੩) ਦੇਸ਼ ਭਰ ਦੇ ਸਟੇਟ ਬੈਂਕ ਦੇ ਕਿਸੇ ਵੀ ATM ਰਾਹੀਂ ਗੁਰਦੁਆਰਾ Current Account No. 11265873563 ਵਿਚ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੪) ਵਿਦੇਸ਼ ਵਿਚ ਕਿਸੇ ਸਥਾਨਕ ਸਟੇਟ ਬੈਂਕ ਆਫ ਇੰਡੀਆ ਦੇ ਸ਼ਾਖਾ ਤੋਂ Saving Account No. 11265876360 ਵਿਚ ਸਿੱਧੇ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੫) ਇਸ ਤੋਂ ਇਲਾਵਾ AXIS (UTI) Bank ਵਲੋਂ On Line Donation ਭੇਜਣ ਦੀ ਸੁਵਿਧਾ ਦਿੱਤੀ ਗਈ ਹੈ। ਜਿਸ ਲਈ www.hazursahib.com. ਸਾਈਟ ਤੇ ਜਾ ਕੇ On Line ਮਾਇਆ ਭੇਜ ਸਕਦੇ ਹੋ।

*__ਵਿਸ਼ੇਸ਼ ਨੋਟ :__*

- ਬੈਂਕ ਜਾਂ ATM ਰਾਹੀਂ ਮਾਇਆ ਜਮਾਂ ਕਰਵਾਉਣ ਤੋਂ ਬਾਅਦ ਬੈਂਕ/ਰਸੀਦ ਦੀ ਫੋਟੋ ਕਾਪੀ (ਜ਼ਿਰਾਕਸ) ਅਤੇ ਆਪਣਾ ਨਾਂ, ਪਤਾ, ਫੋਨ, ਮੋਬਾਇਲ ਨੰਬਰ ਆਦਿ ਜਾਣਕਾਰੀ ਸਹਿਤ ਪੱਤਰ ਤੁਰੰਤ ਭੇਜੋ ਜਾਂ ਫੈਕਸ ਨੰਬਰ 02462-234812 ਅਤੇ E-Mail:contact@hazursahib.com ਰਾਹੀਂ ਸੂਚਿਤ ਕਰੋ ਤਾਂ ਜੋ ਆਪ ਜੀ ਵਲੋਂ ਜਮਾਂ ਭੇਟਾ ਦੀ ਪੱਕੀ ਰਸੀਦ ਆਪ ਜੀ ਦੇ ਪਤੇ ਤੇ ਭੇਜੀ ਜਾ ਸਕੇ।
- ਬੈਂਕ ਡਰਾਫਟ, ਚੈਕ Superintendent, Gurdwara Sachkhand Board, Nanded(M.S) ਦੇ ਨਾਮ ਦਾ ਬਣਾ ਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ।
- ਚਿੱਠੀ ਪੱਤਰ ਲਈ ਪਤਾ ਅੰਗਰੇਜ਼ੀ ਵਿਚ ਅਤੇ ਕੈਪੀਟਲ ਅੱਖਰਾਂ ਵਿਚ ਹੀ ਲਿਖ ਕੇ ਭੇਜੋ ਜੀ।
- ਭੇਟਾ ਵਜੋਂ ਭੇਜੀ ਮਾਇਆ Income Tax U/S.80G ਤਹਿਤ ਟੈਕਸ ਮੁਕਤ ਹੈ।

*__ਵਧੇਰੇ ਜਾਣਕਾਰੀ ਲਈ ਸੰਪਰਕ ਪਤਾ :__*


**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 234813, ਫੈਕਸ : 02462-234812
E-mail:- contact@hazursahib.com Visit us at:- http://www.hazursahib.com.

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵਿਖੇ ਭੇਟਾਵਾਂ ਦੀ ਜਾਣਕਾਰੀ

| | |
|---|---|
| ❖ ਅਖੰਡ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੩੧੦੦/- ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੪੧੦੦/- ਰੁਪੈ |
| ❖ ਸਪਤਾਹ ਪਾਠ ਸਾਹਿਬ ਜੀ | ੧੩੦੦/- ਰੁਪੈ |
| ❖ ਸਹਿਜ ਪਾਠ ਸਾਹਿਬ ਜੀ | ੧੧੦੦/- ਰੁਪੈ |
| **ਜੀਵਨ ਭਰ ਲਈ ਇਕੋ ਵਾਰ ਭਰੋ :-** | |
| ❖ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/- ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੧੦੦੦੦੦/- ਰੁਪੈ |
| ❖ ਸਪਤਾਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/-ਰੁਪੈ |
| ❖ ਸਹਿਜ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/-ਰੁਪੈ |
| **: ਨਿਸ਼ਾਨ ਸਾਹਿਬ ਬਾਰੇ :** | |
| ❖ ਵੱਡੇ ਨਿਸ਼ਾਨ ਸਾਹਿਬ ਦਾ ਚੋਲਾ | ੨੫੦੦/-ਰੁਪੈ |
| ❖ ਛੋਟੇ ਨਿਸ਼ਾਨ ਸਾਹਿਬ ਦਾ ਚੋਲਾ | ੨੧੦੦/-ਰੁਪੈ |
| **: ਲੰਗਰ ਬਾਰੇ :** | |
| ❖ ਸਾਦਾ ਲੰਗਰ ਇਕ ਦਿਨ ਮੇਲਾ ਛੱਡ ਕੇ | ੧੫੧੦੦/- ਰੁਪੈ |
| ❖ ਮਿੱਠਾ ਲੰਗਰ ਇਕ ਦਿਨ ਮੇਲਾ ਛੱਡ ਕੇ | ੨੫੧੦੦/- ਰੁਪੈ |
| **ਜੀਵਨ ਭਰ ਲਈ ਇਕੋ ਵਾਰ ਭਰੋ :-** | |
| ❖ ਸਾਦਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੦੦੦੦੦/- ਰੁਪੈ |
| ❖ ਮਿੱਠਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੫੦੦੦੦/- ਰੁਪੈ |
| **: ਕੜਾਹ ਪ੍ਰਸ਼ਾਦਿ ਦੀ ਦੇਗ ਬਾਰੇ :** | |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਮਹੀਨੇ ਲਈ | ੩੦੦/- ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ | ੭੧੦੦/- ਰੁਪੈ |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਸਾਲ ਲਈ | ੩੬੫੦/- ਰੁਪੈ |
| ❖ ਰੋਜਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਹਮੇਸ਼ਾ ਲਈ (ਇਕ ਵਾਰ ਭਰ) | ੩੬੦੦੦/-ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਗੁਰਪੁਰਬ ਮੇਲੇ ਆਦਿ ਸਮੇਂ | ੩੬੨੦੦/-ਰੁਪੈ |
| **: ਰਿਹਾਇਸ਼ ਬਾਰੇ (ਗੁਰਦੁਆਰਾ ਸਾਹਿਬ ਪਰੀਸਰ ਕੰਪਲੈਕਸ)** | |
| ❖ ਵੀ.ਵੀ.ਆਈ.ਪੀ. ਦੇ ਇੱਕ ਕਮਰੇ ਦੀ ਭੇਟਾ | ੧੧੦੦੦੦੦/-ਰੁਪੈ |
| ❖ ਗ੍ਰਾਊਂਡ ਅਤੇ ਫਸਟ ਫਲੋਰ ਦੇ ਇੱਕ ਕਮਰੇ ਦੀ ਭੇਟਾ | ੭੦੦੦੦੦/-ਰੁਪੈ |
| ❖ ਸੈਕਿੰਡ ਫਲੋਰ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| ❖ ਐਨ.ਆਰ.ਆਈ.ਨਿਵਾਸ ਦੇ ਇੱਕ ਕਮਰੇ ਦੀ ਭੇਟਾ | ੩੫੧੦੦੦/-ਰੁਪੈ |
| ❖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| ❖ **ਹਸਪਤਾਲ ਫੰਡ ਬਾਰੇ :** ਦਸਮੇਸ਼ ਹਸਪਤਾਲ (ਲਾਈਫ ਮੈਂਬਰਸ਼ਿਪ) | ੫੧੦੦/-ਰੁਪੈ |

ਨੋਟ : ਲੋਕਲ ਇਤਿਹਾਸਕ ਗੁਰਦੁਆਰੇ ਸਾਹਿਬਾਨ ਲਈ ਸਵੇਰੇ ੯.੦੦ ਵਜੇ ਗੇਟ ਨੰ: ੨ ਤੋਂ ਬੱਸ ਚੱਲਦੀ ਹੈ। ਪ੍ਰਤੀ ਯਾਤਰੀ ਟਿਕਟ ੭੫/-ਰੁਪੈ ਹੈ। ਲਿਖਾਰੀ ਕਾਊਂਟਰ ਤੇ ਟਿਕਟ ਬੁੱਕ ਕਰੋ ਜੀ।

: ਮਾਇਆ ਭੇਜਣ ਦਾ ਪਤਾ : **Superintendent,**
**Gurdwara Board, Takhat Sachkhand Sri Hazur Abchalnagar Sahib, Nanded 431601 (MS) India.**
**Ph. 02462-234813, 243559, 241266, 244166, 313517, FaxNo.-02462-234812.**
**E-mail:Contact@hazursahib.com Visit us at:http://www.Takhatsrihazursahib.org.**

੧ੳ ਵਾਹਿਗੁਰੂ ਜੀ ਕੀ ਫਤਹਿ ।।

# ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ

ਸਮੂੰਹ ਸੰਗਤਾਂ ਦੇ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਨਾਨਕ ਨਾਮ ਲੇਵਾ ਬਜ਼ੁਰਗਾਂ ਦੀ ਸਹੂਲਤ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਖੋਲ੍ਹਿਆ ਗਿਆ ਹੈ । ਦਾਖਲ ਹੋਣ ਵਾਲੇ ਬਿਰਧ ਦੀ ਉਮਰ 60 ਸਾਲ ਤੋਂ ਘੱਟ ਨਾ ਹੋਵੇ ਅਤੇ ਸਧਾਰਨ ਤੌਰ 'ਤੇ ਹਰ ਇੱਕ ਬਿਰਧ ਨਿਵਾਸੀ ਲਈ ਰਿਹਾਇਸ਼ ਅਤੇ ਲੰਗਰ ਪਾਣੀ ਆਦਿ ਹਿਤ ਇੱਕ ਮਹੀਨੇ ਦਾ ਖਰਚ 1000/- ਰੁਪੈ ਰੱਖਿਆ ਗਿਆ ਹੈ । ਇਸ ਤੋਂ ਇਲਾਵਾ 2000/- ਰੁਪੈ ਸਿਕਿਉਰਟੀ ਰੱਖੀ ਗਈ ਜੋ ਬਾਅਦ ਵਿੱਚ ਵਾਪਿਸ ਹੋ ਜਾਵੇਗੀ । ਫਿਰ ਵੀ, ਕਿਸੇ ਬੇਸਹਾਰਾ ਬਜ਼ੁਰਗ ਦੀ ਆਰਥਿਕ ਦਸ਼ਾ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਸ ਖਰਚੇ ਅਤੇ ਸਿਕਿਉਰਟੀ ਵਿੱਚ ਛੋਟ ਜਾਂ ਸਾਰੇ ਹੀ ਮਾਫ ਕੀਤੇ ਜਾ ਸਕਦੇ ਹਨ। ਬਿਰਧ ਆਸ਼ਰਮ ਦਾ ਅਸਲੀ ਮਕਸਦ ਲੋੜਵੰਦ ਬਜ਼ੁਰਗਾਂ ਦੀ ਸਹਾਇਤਾ ਕਰਨਾ ਹੈ । ਹਰ ਪ੍ਰਾਰਥੀ ਨੂੰ ਪਹਿਲਾਂ 6 (ਛੇ) ਮਹੀਨੇ ਰਹਿਣ ਦੀ ਆਗਿਆ ਹੋਵੇਗੀ, ਉਪਰੰਤ ਉਸ ਦੇ ਵਿਵਹਾਰ ਅਤੇ ਚਾਲ ਚਲਣ ਨੂੰ ਵੇਖਕੇ ਅੱਗੇ ਲਈ ਰਹਿਣ ਦੀ ਆਗਿਆ ਦਿਤੀ ਜਾਵੇਗੀ । ਸੰਗਤਾਂ ਲਾਭ ਉਠਾਉਣ ਜੀ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ ਜੀ ।

ਸੁਪਰਡੈਂਟ

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ-431601 (ਮਹਾਰਾਸ਼ਟਰ)

---

## kind Attention-N.R.I. Sangat

The Sadh Sangat, specially the NRI-Sangat is hereby informed that we, on behalf of Gurdwara Takhat Sachkhand Sri Hazur Abchalnagar Sahib Nanded, have not sent any of our Employees, Officers, Gyani or any other Saint/Person to collect the donations for the Gurdwara Takhat Sachkhand Sri Hazur Abchalnagar Sahib, Nanded.

It is a request to the Sangat not to give their contributions to any such person who himself admits and shows any forged documents or photographs or Video Tapes/CDs to prove that he is being sent to collect the donations for the Gurdwara Takhat Sachkhand Sri Hazur Abchalnagar Sahib Board, Nanded.

Hence, I request the Sangat to send their Contributions/ Donations in favour of "*Superintendent Gurdwara Takhat Sachkhand Sri Hazur Abchalnagar Sahib, Nanded-431601 (M.S.) India*", by Cheque, Draft or M.O.

*Superintendent,*

*Gurdwara Takhat Sachkhand Sri Hazur*

*Abchalnagar Sahib, Nanded-431601 (M.S.) INDIA*

Ph.-(02462)-234813,243559,241266,244166. Fax No.-02462-234812.

**E-mail:- contact@hazursahib.com Visit us at:- http://www.hazursahib.com.**

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ 'ਚ ਵੈਰਾਗ

– ਬੀਬੀ ਦਲਜੀਤ ਕੌਰ ਐਮ.ਏ.,ਐਮ.ਫਿਲ *

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਸੰਸਾਰ ਦੀ ਨਾਸ਼ਮਾਨਤਾ ਦਾ ਚਿਤ੍ਰਣ, ਪ੍ਰਭੂ ਸਿਮਰਨ ਦੀ ਮਹੱਤਤਾ ਅਤੇ ਪਰਮਾਤਮਾ ਦਾ ਸਰੂਪ ਵਰਨਣ ਹੈ। ਭਾਵੇਂ ਗੁਰੂ ਸਾਹਿਬ ਜੀ ਦੀ ਸਾਰੀ ਬਾਣੀ ਵੈਰਾਗਮਈ ਮੰਨੀ ਗਈ ਹੈ ਪਰ ਗੁਰੂ ਜੀ ਦੇ ਅੰਤਿਮ ਸਲੋਕ ਅਤਿ ਡੂੰਘੇ ਵੈਰਾਗ ਨਾਲ ਭਰੇ ਹੋਏ ਹਨ । ਕਈ ਵਿਦਵਾਨ ਇਹ ਮੰਨਦੇ ਹਨ ਕਿ ਇਹ ਸਲੋਕ ਉਹਨਾਂ ਨੇ ਉਸ ਸਮੇਂ ਉਚਾਰੇ ਸਨ, ਜਦੋਂ ਉਹ ਔਰੰਗਜ਼ੇਬ ਦੇ ਬੰਦੀਖਾਨੇ ਵਿੱਚ ਗ੍ਰਿਫਤਾਰ ਸਨ। ਗੁਰੂ ਜੀ ਨੇ ਇਹਨਾਂ ਸਲੋਕਾਂ ਵਿੱਚ ਮਨੁੱਖੀ ਜੀਵ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਉਹ ਦੁਨਿਆਵੀ ਖਿੱਚਾਂ ਤੋਂ ਉਤਾਂਹ ਉਠ ਕੇ, ਸੰਸਾਰ ਦੀ ਨਾਸ਼ਮਾਨਤਾ ਨੂੰ ਜਾਣ ਕੇ, ਪਰਮਾਤਮਾ ਦਾ ਸੱਚਾ ਅਤੇ ਸਦੀਵੀ ਨਾਮ ਜਪਣ ਨੂੰ ਆਪਣੇ ਜੀਵਨ ਦਾ ਮਨੋਰਥ ਸਮਝੇ ।

ਵੈਰਾਗ ਤੋਂ ਭਾਵ ਹੈ, ਸੰਸਾਰ ਪ੍ਰਤੀ ਮੋਹ ਦਾ ਤਿਆਗ, ਸੰਸਾਰ ਨਾਲ ਵੈਰਾਗ ਅਤੇ ਪਰਮਾਤਮਾ ਨਾਲ ਅਨੁਰਾਗ । ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ ਵੈਰਾਗ ਤੋਂ ਭਾਵ-ਉਪਰਾਮਤਾ ਦਾ ਭਾਵ ਹੈ, ਲੋਕ-ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤ ਦਾ ਨਾ ਹੋਣਾ ਹੈ । ਉਨ੍ਹਾਂ ਨੇ ਵੈਰਾਗ ਦੇ ਚਾਰ ਭੇਦ ਮੰਨੇ ਹਨ – ਪਹਿਲਾ ਯਤਮਾਨ– ਸੰਸਾਰ ਨੂੰ ਦੁੱਖ ਰੂਪ ਜਾਣ ਕੇ ਸਾਧ ਸੇਵਾ ਦੁਆਰਾ ਪਰਮਾਰਥ ਪ੍ਰਾਪਤੀ ਦਾ ਯਤਨ ਕਰਨਾ । ਦੂਸਰਾ ਵਯਤਿਰੇਕ, ਵਿਚਾਰ ਨਾਲ ਹਾਨੀਕਾਰਕ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਪਦਾਰਥਾਂ ਦਾ ਗ੍ਰਹਿਣ, ਤੀਸਰਾ ਏਕੇਂਦ੍ਰਿਯ, ਇੰਦ੍ਰੀਆਂ ਦੇ ਭੋਗਾਂ ਤੋਂ ਗਿਲਾਨੀ ਕਰਕੇ ਮਨ ਵਿੱਚ ਸਾਰੇ ਇੰਦ੍ਰੀਆਂ ਨੂੰ ਲਯ ਕਰਨਾ । ਚੌਥਾ ਵਸ਼ਿਕਾਰ, ਮਨ ਨੂੰ ਅਜਿਹਾ ਕਾਬੂ ਕਰਨਾ ਕਿ ਪਦਾਰਥਾਂ ਵੱਲ ਜਾਣ ਦਾ ਕਦੇ ਸੰਕਲਪ ਹੀ ਨਾ ਫੁਰੇ । ਹਿੰਦੀ-ਪੰਜਾਬੀ ਕੋਸ਼ ਅਨੁਸਾਰ ਵੈਰਾਗ ਸੰਸਾਰ ਤੋਂ ਉਦਾਸ ਰਹਿਣ ਦਾ ਭਾਵ, ਮੋਹ ਦਾ ਤਿਆਗ, ਤਪੱਸਿਆ ਹੈ। ਮਾਨਕ ਹਿੰਦੀ ਕੋਸ਼ ਅਨੁਸਾਰ ਵੈਰਾਗ ਤੋਂ ਭਾਵ ਅਰੁਚੀ, ਨਾ ਪਸੰਦਗੀ, ਰੰਜ, ਅਫਸੋਸ, ਬਦਰੰਗ ਹੋਣਾ । ਇਸ ਅਨੁਸਾਰ ਵੈਰਾਗ ਤੋਂ ਭਾਵ ਕਿਸੇ ਚੀਜ਼ ਜਾਂ ਬਾਤ ਦੀ ਇੱਛਾ ਨਾ ਹੋਣਾ, ਸੰਸਾਰਕ ਸੁੱਖ ਭੋਗ ਦੀ ਇੱਛਾ ਨਾ ਹੋਣਾ, ਮਨ ਦੀ ਉਹ ਅਵੱਸਥਾ ਜਿਸ ਵਿੱਚ ਮਨੁੱਖ ਨੂੰ ਸੰਸਾਰ ਦੀ ਵਿਸ਼ੇ ਵਾਸ਼ਨਾ ਤੁਛ ਪ੍ਰਤੀਤ ਹੁੰਦੀ ਹੈ ਅਤੇ ਉਹ ਵਿਅਕਤੀ ਸੰਸਾਰ ਦੇ ਝੰਜਟਾਂ ਤੋਂ ਦੂਰ ਇਕਾਂਤ ਵਿੱਚ ਰਹਿ ਕੇ ਈਸ਼ਵਰ ਦਾ ਭਜਨ ਕਰਦਾ ਹੈ । ਹਿੰਦੀ ਸ਼ਬਦ ਸਾਗਰ ਅਨੁਸਾਰ ਵੈਰਾਗ ਤੋਂ ਭਾਵ ਮਨ ਦੀ ਉਹ ਬਿਰਤੀ ਹੈ ਜਿਸ ਦੇ ਅਨੁਸਾਰ ਸੰਸਾਰ ਦੀ ਵਿਸ਼ੇ ਵਾਸ਼ਨਾ ਤੁਛ ਪ੍ਰਤੀਤ ਹੁੰਦੀ ਹੈ ਅਤੇ ਮਨੁੱਖ ਸੰਸਾਰੀ ਝੰਜਟਾਂ ਨੂੰ ਛੱਡ ਕੇ ਕਿਸੇ ਇਕਾਂਤ ਸਥਾਨ ਤੇ ਜਾ ਕੇ ਪਰਮਾਤਮਾ ਦਾ ਭਜਨ ਕਰਦਾ ਹੈ ।

ਕੋਸ਼ਾਂ ਵਿੱਚ ਵੈਰਾਗ ਦੇ ਸੰਕਲਪ ਨੂੰ ਚੰਗੀ ਤਰ੍ਹਾਂ ਸਮਝਣ ਲਈ ਭਾਰਤੀ ਧਰਮਾਂ

* ਬੀ. ਜੀ. ਐਸ. ਪਬਲਿਕ ਸਕੂਲ,
ਬਰਨਾਲਾ – ੧੪੮੧੦੧ (ਪੰਜਾਬ)

ਦੇ ਸੰਦਰਭ ਵਿੱਚ ਵੈਰਾਗ ਨੂੰ ਸਮਝਣਾ ਜ਼ਰੂਰੀ ਹੈ । ਵੈਰਾਗ, ਤਿਆਗ ਅਤੇ ਨਾਸ਼ਮਾਨਤਾ ਉਤੇ ਅਧਿਕਤਰ ਹਿੰਦੂ ਵਿਚਾਰ ਪ੍ਰਣਾਲੀਆਂ ਨੇ ਵਿਸ਼ੇਸ਼ ਬਲ ਦਿੱਤਾ ਹੈ। ਵੇਦਾਂਤ ਮੱਤ ਜਗਤ ਨੂੰ ਭਰਮ, ਛਲਾਵਾ ਜਾਂ ਝੂਠ ਕਹਿ ਕੇ, ਇਸ ਦੀ ਨਾਸ਼ਮਾਨਤਾ ਤੇ ਇਸ ਦੇ ਦੁਖਦਾਈ ਚਿਤਰ ਖਿੱਚ ਕੇ, ਮਨ ਅੰਦਰ ਵੈਰਾਗ ਪੈਦਾ ਕਰਦਾ ਹੈ । ਇਸ ਮੱਤ ਅਨੁਸਾਰ ਵੈਰਾਗੀ-ਮਨ ਹੌਲੀ ਹੌਲੀ ਤਿਆਗੀ ਬਣ ਜਾਂਦਾ ਹੈ । ਇਹ ਦੁੱਖਾਂ ਦਾ ਟਾਕਰਾ ਅਤੇ ਇਸ ਦਾ ਹੱਲ ਲੱਭਣ ਦੀ ਥਾਂ ਸੰਸਾਰ ਤੋਂ ਭਾਂਜਵਾਦੀ ਵਤੀਰਾ ਅਪਣਾ ਕੇ ਜੰਗਲਾਂ ਜਾਂ ਪਹਾੜਾਂ ਵੱਲ ਚਲਾ ਜਾਂਦਾ ਹੈ। ਉਪਨਿਸ਼ਦਾਂ ਵਿੱਚ ਕਿਹਾ ਗਿਆ ਹੈ ਕਿ ਜੀਵ ਆਤਮਾ ਆਪਣੇ ਅਸਲੇ ਨੂੰ ਭੁੱਲ ਜਾਣ ਕਰਕੇ ਬੰਧਨ ਵਿੱਚ ਹੈ ਤੇ ਇਸ ਨੇ ਆਪਣੇ ਆਪ ਨੂੰ ਹਉਮੈ, ਮਨ ਤੇ ਸਰੀਰ ਨਾਲ ਇਕਮਿਕ ਕੀਤਾ ਹੋਇਆ ਹੈ । ਇਸ ਆਵਾਗਵਣ ਤੋਂ ਛੁੱਟਣ ਲਈ ਪਹਿਲਾਂ ਵੈਰਾਗ ਦੀ ਲੋੜ ਹੈ। ਗੀਤਾ ਵਿੱਚ ਕਿਹਾ ਗਿਆ ਹੈ ਕਿ 'ਜਿਹੜਾ ਵਿਅਕਤੀ ਆਪਣੇ ਕਾਰਜ ਈਸ਼ਵਰ ਨੂੰ ਸਮਰਪਿਤ ਕਰਕੇ ਕੰਮ ਕਰਦਾ ਹੈ ਤੇ ਵੈਰਾਗ ਦੀ ਭਾਵਨਾ ਅਪਣਾਉਂਦਾ ਹੈ, ਉਹ ਪਾਣੀ ਵਿਚਲੀ ਕੰਵਲ ਦੀ ਪੱਤੀ ਵਾਂਗ ਬੁਰਾਈ ਤੋਂ ਨਿਰਲੇਪ ਰਹਿੰਦਾ ਹੈ । ਜੋਗੀਆਂ ਦਾ ਵੈਰਾਗ ਤੋਂ ਭਾਵ ਸੰਸਾਰ ਨਾਲੋਂ ਬਿਲਕੁਲ ਵੱਖਰੇ ਹੋ ਜਾਣਾ ਹੈ । ਜੋਗੀ ਨਵਿਰਤੀ ਮਾਰਗ ਨੂੰ ਹੀ ਸ੍ਰੇਸ਼ਟ ਸਮਝਦੇ ਹਨ । ਪਤੰਜਲ ਮੱਤ ਅਨੁਸਾਰ ਚਿੱਤ ਦੀਆਂ ਬਿਰਤੀਆਂ ਇਹ ਹਨ : ਪ੍ਰਮਾਣ, ਵਿਪਰਯ, ਵਿਕਲਪ, ਨਿੰਦਰਾ ਅਤੇ ਸਿਮਰਤੀ। ਇਹਨਾਂ ਪੰਜਾਂ ਬਿਰਤੀਆਂ ਵਿਚੋਂ ਕੁਝ ਦੁਖਦਾਈ ਹਨ ਅਤੇ ਕੁਝ ਅਜਿਹੀਆਂ ਹਨ ਜੋ ਦੁਖਦਾਈ ਨਹੀਂ ਹਨ । ਇਹ ਬਿਰਤੀਆਂ ਮਨ ਦੀ ਬੇਚੈਨੀ ਅਤੇ ਅਸਥਿਰਤਾ ਲਈ ਜ਼ਿੰਮੇਵਾਰ ਹਨ । ਵਾਰ ਵਾਰ ਨਿਰੰਤਰ ਅਭਿਆਸ ਦੁਆਰਾ ਅਤੇ ਵੈਰਾਗ ਭਾਵਨਾ ਉਤਪੰਨ ਕਰਕੇ ਇਹਨਾਂ ਮਨੋਵਿਰਤੀਆਂ ਉਪਰ ਕਾਬੂ ਪਾਇਆ ਜਾ ਸਕਦਾ ਹੈ । ਇਸ ਤਰ੍ਹਾਂ ਇਹਨਾਂ ਸੰਸਾਰਿਕ ਖੁਸ਼ੀਆਂ, ਲਾਲਸਾਵਾਂ ਅਤੇ ਭੁਲੇਵਿਆਂ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋਣਾ ਹੀ ਵੈਰਾਗ ਹੈ। ਸ਼ੈਵ ਮੱਤ ਅਨੁਸਾਰ ਸੰਸਾਰਕ ਪਦਾਰਥਾਂ ਤੋਂ ਉਪਰਾਮਤਾ, ਈਸ਼ਵਰ ਚਿੰਤਨ ਤੋਂ ਬਿਨਾਂ ਬਾਕੀ ਸਾਰੀਆਂ ਤਰੰਗਾਂ ਅਤੇ ਮਨੋਵਿਰਤੀਆਂ ਨੂੰ ਹੱਠ ਦੁਆਰਾ ਰੋਕਣਾ ਹੈ, ਸੰਸਾਰਕ ਵਸਤੂਆਂ ਦਾ ਤਿਆਗ ਕਰਨਾ ਹੀ ਵੈਰਾਗ ਹੈ । ਸ਼ਾਕਤ ਮੱਤ ਅਨੁਸਾਰ ਪ੍ਰਕ੍ਰਿਤੀ ਦੇ ਗੁਣਾਂ ਨਾਲੋਂ ਆਪਣੇ ਆਪ ਨੂੰ ਤੋੜਨਾ ਹੀ ਵੈਰਾਗ ਹੈ । ਬੁੱਧ ਮੱਤ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਹੈ, ਦੁੱਖਾਂ ਦਾ ਕਾਰਨ ਹੈ, ਦੁੱਖਾਂ ਨੂੰ ਮੁਕਾਇਆ ਜਾ ਸਕਦਾ ਹੈ । ਦੁੱਖਾਂ ਦਾ ਕਾਰਨ ਸਾਡੀ ਅਵਿਦਿਆ, ਸੰਸਕਾਰ, ਵਗਿਆਨ, ਨਾਮਰੂਪ, ਸਪਰਸ਼, ਵੇਦਨਾ, ਤ੍ਰਿਸ਼ਨਾ, ਉਪਾਦਨਾ, ਭਵ, ਜਤੀ, ਜਰਾ ਮਰਣ ਹੈ । ਜਦੋਂ ਅਸੀਂ ਇਹਨਾਂ ਤੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਾਂ ਤਾਂ ਨਿਰਵਾਣ ਦੀ ਪ੍ਰਾਪਤ ਹੋ ਜਾਂਦੀ ਹੈ । ਇਹ ਮੰਤਵ ਗਿਆਨ ਦੁਆਰਾ, ਸਦਾਚਾਰਕ ਕਰਮਾਂ ਅਤੇ ਮਾਨਸਿਕ ਭਾਵਾਂ ਦੀ ਪਵਿੱਤਰਤਾ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ । ਸੋ ਇਸ ਮੱਤ ਦਾ ਵੈਰਾਗ ਤੋਂ ਭਾਵ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਹੈ ।

ਗੁਰਮਤਿ ਅਨੁਸਾਰ ਵੈਰਾਗ ਤੋਂ ਭਾਵ ਮਨੁੱਖੀ ਜੀਵ ਨੂੰ ਸੰਸਾਰ ਦੀ ਅਸਲੀਅਤ ਦਾ ਗਿਆਨ ਕਰਵਾ ਕੇ, ਗ੍ਰਹਿਸਤੀ ਜੀਵਨ ਵਿੱਚ ਰਹਿੰਦਿਆਂ ਸੰਸਾਰਕ ਲਾਲਸਾਵਾਂ ਤੋਂ ਮਨ ਨੂੰ ਨਿਰਲੇਪ ਰੱਖਣਾ ਹੈ ਅਤੇ ਦੈਨਿਕ

ਜੀਵਨ ਵਿਵਹਾਰ ਵਿੱਚ ਭਾਗ ਲੈਂਦਿਆਂ ਪਦਾਰਥਕ ਖਿੱਚਾਂ ਪ੍ਰਤੀ ਉਦਾਸ ਹੋਣਾ ਹੀ ਅਸਲੀ ਵੈਰਾਗ ਹੈ । ਗੁਰਮਤਿ ਦਾ ਵੈਰਾਗ ਸੰਕਲਪ ਗੀਤਾ ਦੇ ਵੈਰਾਗ ਦੇ ਸੰਕਲਪ ਨਾਲ ਮੇਲ ਖਾਂਦਾ ਹੈ ਪਰ ਯੋਗ ਮੱਤ ਦੇ ਵੈਰਾਗ ਦੇ ਸੰਕਲਪ ਨਾਲ ਮੇਲ ਨਹੀਂ ਖਾਂਦਾ ਕਿਉਂਕਿ ਯੋਗੀ ਲੋਕ ਨਵਿਰਤੀ ਦੇ ਹਾਮੀ ਹਨ ਭਾਵ ਸੰਸਾਰ ਤੋਂ ਦੂਰ ਰਹਿਣਾ ਹੀ ਵੈਰਾਗ ਸਮਝਦੇ ਹਨ । ਯੋਗੀ ਲੋਕ ਸੰਸਾਰੀ ਦੁੱਖਾਂ ਨਾਲ ਜੂਝਣ ਦੀ ਥਾਂ ਭਾਂਜਵਾਦੀ ਹੋ ਜਾਂਦੇ ਹਨ ਪਰ ਗੁਰਮਤਿ ਪ੍ਰਵਿਰਤੀ ਦਾ ਮਾਰਗ ਹੈ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਹੀ ਮਨ ਨੂੰ ਸੰਸਾਰਕ ਲਾਲਸਾਵਾਂ ਵਿੱਚ ਖਚਿਤ ਹੋਣ ਤੋਂ ਬਚਾਉਣਾ ਹੀ ਅਸਲੀ ਵੈਰਾਗ ਹੈ । ਗੁਰਮਤਿ ਅਨੁਸਾਰ ਵੈਰਾਗ ਵਸਤੂਆਂ ਦਾ ਪੂਰਨ ਤਿਆਗ ਨਹੀਂ ਹੈ ਬਲਕਿ ਵਸਤੂਆਂ ਪ੍ਰਤੀ ਇਕ ਖਾਸ ਦ੍ਰਿਸ਼ਟੀਕੋਣ ਹੈ । ਵਸਤੂਆਂ ਪ੍ਰਤੀ ਉਦਾਸੀਨਤਾ ਹੈ । ਵਸਤੂਆਂ ਨੂੰ ਵਰਤਦੇ ਹੋਏ ਉਸ ਨਾਲ ਮੋਹ ਨਾ ਕਰਨਾ, ਕਿਰਿਆਸ਼ੀਲ ਹੁੰਦੇ ਹੋਏ ਕਰਤੇਪਨ ਦਾ ਤਿਆਗ ਕਰਨਾ ਹੈ ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਪਰਮਾਤਮਾ, ਮਾਇਆ ਦੇ ਸੰਸਾਰ ਦੀ ਨਾਸ਼ਮਾਨਤਾ ਅਤੇ ਪਰਾਲੌਕਿਕ ਸੰਸਾਰ ਨੂੰ ਸਦੀਵੀ ਤੇ ਸੱਚਾ ਸਿੱਧ ਕਰਨਾ ਹੈ । ਦਿਸਦੇ ਸੰਸਾਰ ਦੀ ਨਾਸ਼ਮਾਨਤਾ ਤੇ ਪਰਾਲੌਕਿਕ ਅਦਿੱਖ ਦੀ ਸਦੀਵਤਾ ਦਾ ਮਨੁੱਖ ਨੂੰ ਵਾਰ ਵਾਰ ਧਿਆਨ ਕਰਾਉਣਾ ਹੀ ਗੁਰੂ ਜੀ ਦੇ ਸਲੋਕਾਂ ਦਾ ਮੁੱਖ ਵਿਸ਼ਾ ਹੈ । ਮਨੁੱਖੀ ਜੀਵ ਲਈ ਸੱਚਾ ਮਾਰਗ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ । ਉਸ ਪਰਮਾਤਮਾ ਦਾ ਸਿਮਰਨ ਕਰਨਾ ਹੈ ਜੋ ਸਦੀਵੀ ਅਤੇ ਸੱਚਾ ਹੈ । ਮਨੁੱਖੀ ਜੀਵ ਦਿਸਦੇ ਸੰਸਾਰ ਨੂੰ ਹੀ ਸੱਚਾ ਤੇ ਸਦੀਵੀ ਸਮਝ ਕੇ ਮਾਇਆ ਦੇ ਜਾਲ ਵਿੱਚ ਉਲਝਿਆ ਪਿਆ ਹੈ । ਪਰ ਉਹ ਸਦੀਵੀ ਅਤੇ ਸੱਚਾ ਨਹੀਂ ਹੈ । ਮਾਇਆ ਜਾਲ ਤੋਂ ਛੁਟਕਾਰਾ ਹਾਂਸਲ ਕਰਨ ਲਈ ਚੇਤਨਾ ਦੀ ਜਾਗ ਇਸ ਬਾਣੀ ਦਾ ਮੂਲ ਮੰਤਵ ਹੈ ।

ਗੁਰੂ ਜੀ ਦੇ ਸਲੋਕਾਂ ਦੀ ਮੁੱਖ ਸੁਰ ਵੈਰਾਗ ਦੇ ਭਾਵਾਂ ਨਾਲ ਭਰਪੂਰ ਹੈ । ਉਨ੍ਹਾਂ ਅਨੁਸਾਰ ਦ੍ਰਿਸ਼ਟਮਾਨ ਸੰਸਾਰ ਨਾਸ਼ਮਾਨ ਹੈ, ਮਿਥਿਆ ਹੈ, ਬਾਲੂ ਦੀ ਭੀਤ ਹੈ ਤੇ ਬੱਦਲ ਦੀ ਛਾਂ ਸਮਾਨ ਹੈ । ਇਸ ਨਾਲ ਅਨੁਰਾਗ (ਪ੍ਰੇਮ) ਅਗਿਆਨਤਾ ਹੈ । ਸੰਸਾਰਕ ਭੋਗ ਸਦੀਵੀ ਨਹੀਂ ਹਨ, ਛਿਨਭੰਗਰ ਹਨ । ਮਨੁੱਖ ਜੋ ਇਹਨਾਂ ਸੰਸਾਰਕ ਪਦਾਰਥਾਂ ਦੇ ਭੋਗਾਂ ਦੀਆਂ ਖਿੱਚਾਂ ਵਿੱਚ ਮਸਤ ਬੈਠਾ ਹੈ ਉਸ ਪ੍ਰਤੀ ਸੁਚੇਤ ਕਰਵਾਇਆ ਹੈ । ਜਿੰਨਾ ਚਿਰ ਮਨੁੱਖ ਇਹਨਾਂ ਸੰਸਾਰਕ ਭੋਗਾਂ ਪ੍ਰਤੀ ਉਦਾਸ ਨਹੀਂ ਹੁੰਦਾ ਅਤੇ ਉਸ ਦੇ ਮਨ ਅੰਦਰ ਇਹਨਾਂ ਪ੍ਰਤੀ ਵੈਰਾਗ ਉਤਪੰਨ ਨਹੀਂ ਹੁੰਦਾ ਉਤਨੀ ਦੇਰ ਤਕ ਮਨੁੱਖ ਇਹਨਾਂ ਭੋਗਾਂ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਦਾ ਅਤੇ ਪਰਮਾਤਮਾ ਦੇ ਸਿਮਰਨ ਵਿੱਚ ਜੁੜ ਨਹੀਂ ਸਕਦਾ । ਸੋ ਪਰਮਾਤਮਾ ਦੇ ਰਸਤੇ ਤੇ ਜਾਣ ਲਈ ਇਹ ਪਹਿਲੀ ਮਾਨਸਿਕ ਪਰਵਿਰਤੀ ਹੈ । ਭੋਗਾਂ ਦੀ ਲਾਲਸਾ ਮਨੁੱਖ ਨੂੰ ਭੋਗ ਜਾਂਦੀ ਹੈ ਪਰ ਮਨੁੱਖ ਉਸ ਨੂੰ ਨਹੀਂ ਭੋਗਦਾ । ਮਨੁੱਖੀ ਜੀਵ ਦਾ ਅਜਿਹਾ ਮਾਨਸਿਕ ਪੱਧਰ ਪਸ਼ੂਆਂ ਦੇ ਪੱਧਰ ਤੱਕ ਸੀਮਤ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਇਸ ਨੂੰ ਸੁਖਮਨੀ ਸਾਹਿਬ ਵਿੱਚ ਸਪੱਸ਼ਟ ਕਰਦੇ ਹਨ :

*ਕਰਤੂਤਿ ਪਸੂ ਕੀ ਮਾਨਸ ਜਾਤਿ ॥*

(ਪੰਨਾ ੨੬੭)

ਅਜਿਹਾ ਮਨੁੱਖ ਆਪਣੇ ਅਮੋਲਕ ਜੀਵਨ

ਮਨੋਰਥ ਨੂੰ ਗਵਾ ਲੈਂਦਾ ਹੈ । ਗੁਰਵਾਕ ਹੈ:

*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥*

(ਪੰਨਾ ੧੫੬)

ਗੁਰੂ ਜੀ ਨੇ ਆਪਣੀ ਬਾਣੀ ਵਿੱਚ ਕਿਤੇ ਵੀ ਸੰਸਾਰ ਤੋਂ ਭੱਜਣ ਲਈ ਤੇ ਵਸਤੂਆਂ ਨੂੰ ਤਿਆਗਣ ਲਈ ਨਹੀਂ ਕਿਹਾ ਬਲਕਿ ਵਸਤੂਆਂ ਪ੍ਰਤੀ ਇੱਕ ਵਿਸ਼ੇਸ਼ ਦ੍ਰਿਸ਼ਟੀਕੋਣ ਅਪਣਾਇਆ ਹੈ । ਇਹ ਦ੍ਰਿਸ਼ਟੀਕੋਣ ਮਨੁੱਖ ਨੂੰ ਆਤਮਿਕ ਵਿਕਾਸ ਵੱਲ ਲਿਜਾਂਦਾ ਹੈ । ਵਸਤੂਆਂ ਪ੍ਰਤੀ ਵੈਰਾਗ ਉਤਪੰਨ ਹੋਣ ਉਪਰੰਤ ਹੀ ਜੀਵ ਉਨ੍ਹਾਂ ਪ੍ਰਤੀ ਮਾਨਸਿਕ ਪਕੜ ਨੂੰ ਖਤਮ ਕਰ ਸਕਦਾ ਹੈ। ਸਮੁੱਚੀ ਗੁਰਬਾਣੀ ਵਿੱਚ ਗੁਰੂ ਸਾਹਿਬਾਨਾਂ ਨੇ ਸੰਸਾਰ ਦੀਆਂ ਵਸਤੂਆਂ ਅਤੇ ਮਨੁੱਖੀ ਰਿਸ਼ਤਿਆਂ ਨਾਤਿਆਂ ਦੇ ਤਿਆਗ ਦੀ ਬਜਾਏ ਇਹਨਾਂ ਵਿੱਚ ਨਿਹਿਤ ਮਨੋਵਿਰਤੀਆਂ ਦੀ ਸੰਜਮੀ ਵਰਤੋਂ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ । ਵੈਰਾਗ ਧਾਰਨ ਕਰਨਾ ਵਸਤੂਆਂ ਪ੍ਰਤੀ ਨਹੀਂ ਬਲਕਿ ਮਨੋਵਿਰਤੀਆਂ ਦਾ ਵਸਤੂਆਂ ਪ੍ਰਤੀ ਹੈ । ਜਿਤਨਾ ਚਿਰ ਆਤਮਾ ਪ੍ਰਭੂ-ਪ੍ਰੇਮ ਵਿੱਚ ਮੁਗਧ ਨਹੀਂ ਹੁੰਦੀ ਉਸ ਦੀ ਵਿਆਪਕ ਸੁੰਦਰਤਾ ਵਿੱਚ ਉਸ ਦਾ ਜਲਵਾ ਨਹੀਂ ਦੇਖਦੀ ਉਸ ਦੀ ਯਾਦ ਵਿੱਚ ਸੰਸਾਰ ਦੀ ਯਾਦ ਨੂੰ ਲੀਨ ਨਹੀਂ ਕਰਦੀ, ਓਨਾ ਚਿਰ ਉਹ ਪ੍ਰਭੂ ਦੀ ਨੇੜਤਾ ਗ੍ਰਹਿਣ ਨਹੀਂ ਕਰ ਸਕਦੀ । ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨ ਲਈ ਮਨੁੱਖ ਲਈ ਸਾਰੀਆਂ ਗੱਲਾਂ ਜੋ ਝੂਠੀਆਂ ਹਨ ਅਤੇ ਆਦਰਸ਼ ਤੋਂ ਉਖੇੜਦੀਆਂ ਹਨ, ਦਾ ਤਿਆਗ ਅਤਿ ਜ਼ਰੂਰੀ ਹੈ । ਸਤ, ਸੰਤੋਖ, ਦਇਆ, ਧਰਮ ਤੇ ਨਿਮਰਤਾ ਦਾ ਅਪਨਾਉਣਾ ਜ਼ਰੂਰੀ ਹੈ । ਕੁਝ ਵਸਤੂਆਂ ਜੋ ਤਿਆਗਣਯੋਗ ਹਨ ਉਹਨਾਂ ਦਾ ਤਿਆਗ ਜ਼ਰੂਰੀ ਹੈ । ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ।

*ਤਿਆਗਨਾ ਤਿਆਗਨੁ ਨੀਕਾ*
*ਕਾਮੁ ਕ੍ਰੋਧੁ, ਲੋਭੁ ਤਿਆਗਨਾ ॥*

(ਪੰਨਾ ੧੦੧੮)

ਅਤੇ ਕੁਝ ਵਸਤੂਆਂ ਦਾ ਗ੍ਰਹਿਣ ਕਰਨਾ ਜ਼ਰੂਰੀ ਹੈ । ਮਨੁੱਖ ਦੇ ਇੱਕ ਪਾਸੇ ਜਗਤ ਦੀ ਨਾਸ਼ਮਾਨਤਾ, ਦੂਜੇ ਪਾਸੇ ਵਿਸ਼ ਵਿਕਾਰਾਂ ਦੀ ਲੀਨਤਾ, ਤੀਜੇ ਪਾਸੇ ਅਗਿਆਨਤਾ ਅਤੇ ਚੋਥੇ ਪਾਸੇ ਬੁਰੀ ਸੰਗਤ ਹੈ ਜਿਸ ਵਿੱਚ ਮਨੁੱਖ ਫਸਿਆ ਪਿਆ ਹੈ । ਇਸ ਭਵ ਚੱਕਰ ਤੋਂ ਛੁਟਕਾਰਾ ਪਾਉਣ ਲਈ ਜੀਵ ਨੂੰ ਗੁਰੂ ਜੀ ਨੇ ਪ੍ਰਭੂ ਸਿਮਰਨ ਕਰਨ ਵਲ ਪ੍ਰੇਰਿਆ ਹੈ । ਮਨੁੱਖੀ ਜੀਵ ਇਹਨਾਂ ਤੋਂ ਤਾਂ ਹੀ ਛੁਟਕਾਰਾ ਪਾ ਸਕਦਾ ਹੈ ਜੇਕਰ ਉਸ ਨੂੰ ਇਸ ਭਵ-ਚੱਕਰ ਦੀ ਅਸਲੀਅਤ ਦਾ ਪੂਰਾ ਗਿਆਨ ਹੋਵੇ । ਅਗਿਆਨਤਾ ਕਾਰਨ ਮਨੁੱਖ ਇਸ ਵਿੱਚ ਫਸਿਆ ਪਿਆ ਹੈ । ਸੋ ਅਸਲੀਅਤ ਦਾ ਗਿਆਨ ਮਨੁੱਖ ਲਈ ਬਹੁਤ ਜ਼ਰੂਰੀ ਹੈ । ਗੁਰੂ ਜੀ ਨੇ ਵੈਰਾਗ ਦੀ ਮਨੋਵਿਰਤੀ ਪੈਦਾ ਕਰਨ ਲਈ ਮਨੁੱਖ ਦੇ ਸਾਹਮਣੇ ਕੁਝ ਅਟੱਲ ਸੱਚਿਆਈਆਂ ਪੇਸ਼ ਕੀਤੀਆਂ ਹਨ । ਗੁਰੂ ਜੀ ਨੇ ਸਭ ਤੋਂ ਪਹਿਲਾਂ ਦ੍ਰਿਸ਼ਟਮਾਨ ਸੰਸਾਰ ਦਾ ਜੋ ਚਿੱਤਰ ਖਿੱਚਿਆ ਹੈ ਉਸ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਹ ਜਗਤ ਸਦੀਵੀ ਨਹੀਂ ਹੈ, ਸੁਪਨਾ ਹੈ, ਨਾਸ਼ਮਾਨ ਹੈ ।

*ਜਿਉ ਸੁਪਨਾ ਅਰੁ ਪੇਖਨਾ*
*ਐਸੇ ਜਗ ਕਉ ਜਾਨਿ ॥* (ਪੰਨਾ ੧੪੨੭)

ਸੰਸਾਰ ਜੋ ਹੈ ਇਹ ਪਾਣੀ ਦੇ ਬੁਲਬੁਲੇ ਵਾਂਗ ਹੈ । ਪਾਣੀ ਦਾ ਬੁਲਬੁਲਾ ਪੈਦਾ ਹੁੰਦਾ ਹੈ ਅਤੇ ਨਾਸ਼ ਹੁੰਦਾ ਰਹਿੰਦਾ ਹੈ ਤਿਵੇਂ ਹੀ ਪਰਮਾਤਮਾ ਨੇ ਇਹ ਜਗਤ ਦੀ ਖੇਡ ਬਣਾਈ ਹੈ ।

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ*

*ਨੀਤ।। ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ।।* (ਪੰਨਾ ੧੪੨੭)

ਸੰਸਾਰ ਝੂਠਾ ਹੈ ਸੱਚਾ ਨਹੀਂ ਹੈ, ਜੋ ਰੇਤ ਦੀ ਕੰਧ ਦੀ ਤਰ੍ਹਾਂ ਅਸਥਿਰ ਹੈ ।

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ।। ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤ ।।* (ਪੰਨਾ ੧੪੨੯)

ਉਸ ਤੋਂ ਬਾਅਦ ਦੂਸਰੀ ਅਟੱਲ ਸਚਾਈ ਮਨੁੱਖੀ ਸਰੀਰ ਬਾਰੇ ਹੈ, ਜਿਸ ਨੂੰ ਮਨੁੱਖ ਆਪਣਾ ਸਮਝੀ ਬੈਠਾ ਹੈ ਗੁਰੂ ਜੀ ਉਸ ਵੱਲ ਧਿਆਨ ਦਿਵਾਉਂਦੇ ਹਨ ਕਿ ਜਿਹੜੇ ਸਰੀਰ ਦਾ ਮਨੁੱਖ ਮਾਣ ਕਰਦਾ ਹੈ ਇਹ ਛਿਣ ਵਿੱਚ ਹੀ ਬਿਨਸ ਜਾਂਦਾ ਹੈ । ਅੰਤ ਸਮੇਂ ਕੁਝ ਵੀ ਨਾਲ ਨਹੀਂ ਜਾਂਦਾ ਸਿਰਫ ਪਰਮਾਤਮਾ ਦਾ ਸਿਮਰਨ ਹੀ ਨਾਲ ਜਾਂਦਾ ਹੈ।

*ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ।। ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ।।* (ਪੰਨਾ ੧੪੨੮)

ਉਹ ਮਨੁੱਖ ਜੋ ਪਰਮਾਤਮਾ ਦਾ ਸਿਮਰਨ ਕਰਦਾ ਹੈ ਉਸ ਨੇ ਇਸ ਸੰਸਾਰ ਰੂਪੀ ਖੇਡ ਨੂੰ ਜਿੱਤ ਲਿਆ ਹੈ ਭਾਵ ਉਸ ਨੂੰ ਇਸ ਸੰਸਾਰ ਦੀ ਅਸਲੀਅਤ ਦਾ ਗਿਆਨ ਹੋ ਗਿਆ ਹੈ । ਉਸ ਮਨੁੱਖ ਅੰਦਰ ਸੰਸਾਰੀ ਖਿੱਚਾਂ, ਜੋ ਉਸ ਨੂੰ ਪਹਿਲਾਂ ਸੰਸਾਰ ਵਿੱਚ ਖਚਿਤ ਹੋਣ ਲਈ ਪ੍ਰੇਰਦੀਆਂ ਸਨ ਉਹਨਾਂ ਵਲੋਂ ਸੁਚੇਤ ਹੋ ਗਿਆ ਹੈ । ਇਹ ਗਿਆਨ ਉਸ ਨੂੰ ਪਰਮਾਤਮਾ ਦੇ ਸਿਮਰਨ ਦੁਆਰਾ ਮਿਲਿਆ ਹੈ । ਤੀਸਰੀ ਸਚਾਈ ਗੁਰੂ ਸਾਹਿਬ ਰਿਸ਼ਤੇਦਾਰ, ਸੰਬੰਧੀਆਂ, ਦੋਸਤਾਂ ਦੀ ਪੇਸ਼ ਕਰਦੇ ਹਨ ਕਿ ਜੋ ਰਿਸ਼ਤੇਦਾਰ, ਸੰਬੰਧੀ, ਦੋਸਤ ਹਨ ਇਹਨਾਂ ਦਾ ਸਾਥ ਵੀ ਸਦੀਵੀ ਨਹੀਂ । ਇਹਨਾਂ ਦੇ ਸਾਥ ਦੀ ਬੁਨਿਆਦ ਨਿੱਜੀ ਸੁਖ ਹੈ । ਜਦੋਂ ਮਨੁੱਖ ਇਹ ਸੁਖ ਦੇਣ ਦੀ ਸਮਰੱਥਾ ਖੋਹ ਬੈਠਦਾ ਹੈ ਤਾਂ ਇਹ ਸਾਰੇ ਰਿਸ਼ਤੇਦਾਰ, ਸੰਬੰਧੀ ਮਨੁੱਖ ਦਾ ਸਾਥ ਛੱਡ ਦਿੰਦੇ ਹਨ । ਗੁਰੂ ਜੀ ਕਹਿੰਦੇ ਹਨ ਕਿ ਮੈਂ ਚੰਗੀ ਤਰ੍ਹਾਂ ਪਰਖ ਕੇ ਦੇਖ ਲਿਆ ਹੈ ਕਿ ਇਸ ਜਗਤ ਵਿੱਚ ਕੋਈ ਵੀ ਕਿਸੇ ਦਾ ਸਦੀਵੀ ਸਾਥੀ ਨਹੀਂ ਹੈ ।

*ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ।।* (ਪੰਨਾ ੧੪੨੮)

ਗੁਰੂ ਜੀ ਤਾਂ ਮਨੁੱਖ ਨੂੰ ਇਥੋਂ ਤੱਕ ਸੁਚੇਤ ਕਰਦੇ ਹਨ ਕਿ ਰਿਸ਼ਤੇਦਾਰ ਤੇ ਸੰਬੰਧੀ ਮਤਲਬ ਦੇ ਯਾਰ ਹਨ । ਦੁਖ ਵਿੱਚ ਤੇਰਾ ਸਾਥ ਵੀ ਨਹੀਂ ਦੇਣਗੇ ਅਤੇ ਗਰੀਬੀ ਦੀ ਹਾਲਤ ਵਿੱਚ ਤੈਨੂੰ ਛੱਡ ਜਾਣਗੇ । ਇਥੋਂ ਤੱਕ ਮਤਲਬ ਹੈ ਇਹਨਾਂ ਦਾ ।

*ਇਹ ਜਗਿ ਮੀਤੁ ਨ ਦੇਖਿਓ ਕੋਈ ।।*
*ਸਗਲ ਜਗਤੁ ਅਪਨੈ ਸੁਖਿ ਲਾਗਿਓ*
*ਦੁਖ ਮੈ ਸੰਗਿ ਨ ਹੋਈ ।।੧।।ਰਹਾਉ।।*
*ਦਾਰਾ ਮੀਤ ਪੂਤ ਸਨਬੰਧੀ*
*ਸਗਰੇ ਧਨ ਸਿਉ ਲਾਗੇ ।।*
*ਜਬ ਹੀ ਨਿਰਧਨ ਦੇਖਿਓ ਨਰ ਕਉ*
*ਸੰਗੁ ਛਾਡਿ ਸਭ ਭਾਗੇ ।।* (ਪੰਨਾ ੬੩੩)

ਭਾਵ ਸਭ ਆਪਣੇ ਹੀ ਸੁਖ ਕਾਰਨ ਦੂਸਰੇ ਦੀ ਵਰਤੋਂ ਕਰਦੇ ਹਨ । ਸਦੀਵੀ ਸਾਥੀ ਪਰਮਾਤਮਾ ਦਾ ਸਿਮਰਨ ਹੀ ਹੈ । ਚੌਥੀ ਸਚਾਈ ਗੁਰੂ ਜੀ ਸੰਸਾਰੀ ਵਸਤੂਆਂ ਦੀ ਬਿਆਨ ਕਰਦੇ ਹਨ । ਮਨੁੱਖ ਜੋ ਸੰਸਾਰੀ ਵਸਤੂਆਂ ਨੂੰ ਆਪਣੀ ਸਮਝੀ ਬੈਠਾ ਹੈ ਉਹ ਸਦੀਵੀ ਰਹਿਣ ਵਾਲੀਆਂ ਨਹੀਂ ਹਨ । ਮਰਨ ਉਪਰੰਤ ਜੀਵ ਦੇ ਨਾਲ ਇਹ ਨਹੀਂ ਜਾਂਦੀਆਂ । ਇਥੇ ਹੀ ਪਈਆਂ ਰਹਿੰਦੀਆਂ ਹਨ।

*ਧਨ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ।। ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ।।* (ਪੰਨਾ ੧੪੨੬)

ਮਨੁੱਖ ਜੋ ਸੰਸਾਰੀ ਵਸਤੂਆਂ ਵਿੱਚ ਗਲਤਾਨ ਹੋਇਆ ਹੈ ਉਹ ਬਿਨਸਨ ਵਾਲੀਆਂ ਹਨ । ਜੋ ਵੀ ਚੀਜ਼ ਉਪਜਦੀ ਹੈ ਉਸ ਨੇ ਅਖੀਰ ਨਾਸ਼ ਹੀ ਹੋਣਾ ਹੈ ।

*ਜੋ ਉਪਜਿਓ ਸੋ ਬਿਨਸਿ ਹੈ*
*ਪਰੋ ਆਜੁ ਕੈ ਕਾਲਿ ॥* (ਪੰਨਾ ੧੪੨੯)

ਸੰਸਾਰ ਦੇ ਸਾਰੇ ਸੁੱਖ ਹੀ ਨਾਸ਼ਮਾਨ ਹਨ ਮਨੁੱਖ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ । ਗੁਰੂ ਜੀ ਨੇ ਸੰਸਾਰ ਦੀ ਨਾਸ਼ਮਾਨਤਾ, ਮਨੁੱਖੀ ਸਰੀਰ ਦੀ ਨਾਸ਼ਮਾਨਤਾ, ਮਾਇਆ ਦੀ ਨਾਸ਼ਮਾਨਤਾ ਦੀ ਅਸਲੀਅਤ ਨੂੰ ਉਘਾੜ ਕੇ ਮਨੁੱਖ ਅੰਦਰ ਵੈਰਾਗ ਦੀ ਮਨੋਵਿਰਤੀ ਪੈਦਾ ਕਰਕੇ ਪਰਮਾਤਮਾ ਨਾਲ ਜੋੜਿਆ ਹੈ । ਜਿਤਨਾ ਚਿਰ ਮਨੁੱਖੀ ਮਨ ਵਿਸ਼ੇ ਵਿਕਾਰਾਂ ਵਿੱਚ ਗਲਤਾਨ ਹੈ ਅਤੇ ਇਹਨਾਂ ਦੀ ਅਸਲੀਅਤ ਨਹੀਂ ਸਮਝਦਾ ਓਨਾ ਚਿਰ ਉਸ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ ।

ਵੈਰਾਗ ਦੀ ਮਨੋਵਿਰਤੀ ਦੁਆਰਾ ਹੀ ਮਨੁੱਖ ਪਰਮਾਤਮਾ ਨਾਲ ਜੁੜ ਸਕਦਾ ਹੈ। ਇਹ ਮਾਇਆ ਰੂਪੀ ਜੋ ਬਿਖ ਹੈ ਇਸ ਨੂੰ ਛੱਡ ਕੇ ਹੀ ਵੈਰਾਗ ਪੈਦਾ ਹੋ ਸਕਦਾ ਹੈ ।

*ਜਿਹ ਬਿਖਿਆ ਸਗਲੀ ਤਜੀ*
*ਲੀਓ ਭੇਖ ਬੈਰਾਗ ॥* (ਪੰਨਾ ੧੪੨੭)

ਜੋ ਮਨੁੱਖ ਅਨੇਕਾਂ ਰੂਪਾਂ ਵਿੱਚ ਵਿਆਪ ਰਹੀ ਹਰ ਤਰ੍ਹਾਂ ਦੀ ਮਾਇਆ ਨੂੰ ਬਿਖ ਸਮਝ ਕੇ ਤਿਆਗ ਦਿੰਦਾ ਹੈ ਅਤੇ ਇਹਨਾਂ ਪ੍ਰਤੀ ਵੈਰਾਗ ਦਾ ਭੇਖ ਧਾਰਨ ਕਰਦਾ ਹੈ, ਉਹੋ ਹੀ ਮਨੁੱਖ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ। ਜਿਸ ਮਨੁੱਖ ਨੇ ਮਾਇਆ ਦੀ ਪਕੜ ਛੱਡ ਦਿੱਤੀ ਹੈ ਅਤੇ ਸਭ ਤ੍ਰਿਸ਼ਨਾਵਾਂ ਤੋਂ ਉਪਰਾਮ ਰਹਿੰਦਾ ਹੈ, ਉਸਦੇ ਹਿਰਦੇ ਵਿੱਚ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ:

*ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥*
(ਪੰਨਾ ੧੪੨੭)

ਜੋ ਮਨੁੱਖ ਵਿਸ਼ੇ ਵਿਕਾਰਾਂ ਰੂਪੀ ਜ਼ਹਿਰ ਨੂੰ ਬਿਖ ਸਮਝ ਕੇ ਛੱਡ ਦਿੰਦਾ ਹੈ, ਉਸ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ ਤੇ ਹਰਖ ਸੋਗ, ਖੁਸ਼ੀ ਗਮੀ, ਦੁਖ ਸੁਖ, ਸੋਨਾ ਮਿੱਟੀ, ਉਸਤਿਤ ਨਿੰਦਾ ਨੂੰ ਇਕੋ ਜਿਹਾ ਜਾਣਦਾ ਹੈ, ਉਹ ਹੀ ਮਨੁੱਖ ਸੱਚਾ ਵੈਰਾਗੀ ਹੈ ।

*ਸੁਖੁ ਦੁਖੁ ਜਿਹ ਪਰਸੈ ਨਹੀ*
*ਲੋਭੁ ਮੋਹੁ ਅਭਿਮਾਨੁ ॥* ...........
*ਉਸਤਤਿ ਨਿੰਦਿਆ ਨਾਹਿ ਜਿਹਿ*
*ਕੰਚਨ ਲੋਹ ਸਮਾਨਿ ॥* (ਪੰਨਾ ੧੪੨੭)

ਉਪਰੋਕਤ ਵਿਚਾਰਧਾਰਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਅਸਲੀ ਵੈਰਾਗ ਦਾ ਅਰਥ ਹੈ ਵਸਤੂਆਂ ਦੇ ਰਸਾਂ ਦਾ ਤਿਆਗ ਕਰਨਾ, ਸੰਸਾਰ ਰੂਪੀ ਜੋ ਤਮਾਸ਼ਾ ਹੈ ਇਸ ਵਿੱਚ ਖਚਿਤ ਨਾ ਹੋਣਾ, ਸੰਸਾਰਕ ਵਸਤੂਆਂ ਨੂੰ ਜੀਵਨ ਦਾ ਲਕਸ਼ ਨਾ ਸਮਝਣਾ ਹੈ। ਇਹਨਾਂ ਵਸਤੂਆਂ ਦੀ ਅਸਲੀਅਤ ਨੂੰ ਸਮਝ ਕੇ ਇਹਨਾਂ ਦੀ ਸੰਜਮੀ ਵਰਤੋਂ ਕਰਦਿਆਂ ਮਨੁੱਖ ਨੂੰ ਲਾਹੇਵੰਦ ਕੰਮ ਪ੍ਰਭੂ ਸਿਮਰਨ ਕਰਨ ਲਈ ਪ੍ਰੇਰਨਾ ਹੈ । ਇਸ ਲਈ ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਨਿਖੇਧਾਤਮਕ ਪੱਖ ਤੋਂ ਮਨੁੱਖੀ ਮਨ ਨੂੰ ਸੰਸਾਰਕ ਵਸਤੂਆਂ ਦੀ ਅਸਲੀਅਤ ਦੀ ਸੁਚੇਚਤਾ ਪ੍ਰਦਾਨ ਕਰਦਾ ਹੋਇਆ ਪਰਮ ਹਸਤੀ ਨਾਲ ਜੋੜਦਾ ਹੈ, ਜੋ ਸਤ-ਚਿਤ ਆਨੰਦ ਹੈ ।

◆

# ਹਉਮੈ ਦੀਰਘ ਰੋਗੁ ਹੈ

*- ਡਾ. ਸਮਸ਼ੇਰ ਸਿੰਘ* *

'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ' ਦਾ ਪਵਿੱਤਰ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ੪੬੬ ਉਤੇ ਦਰਜ ਹੈ। ਗੁਰੂ ਜੀ ਨੇ ਇਸ ਸਲੋਕ ਰਾਹੀਂ ਮਨੁੱਖੀ ਜੀਵਨ ਦੀ ਗੰਭੀਰ ਸਮੱਸਿਆ ਨੂੰ ਉਭਾਰ ਕੇ ਨਾਲ ਹੀ ਹੱਲ ਸੁਝਾਇਆ ਹੈ । ਇਸ ਸਲੋਕ ਵਿੱਚ ਮੁੱਖ ਰੂਪ ਵਿੱਚ ਤਿੰਨ ਗੱਲਾਂ ਸਾਡੇ ਸਾਹਮਣੇ ਆਉਂਦੀਆਂ ਹਨ :

੧. ਹਉਮੈ ਦੀਰਘ ਰੋਗ ਹੈ ।

੨. ਰੋਗ ਦੀਰਘ ਹੈ, ਪਰੰਤੂ ਇਹ ਸਾਧਿਆ ਜਾ ਸਕਦਾ ਹੈ ।

੩. ਜੇ ਪ੍ਰਭੂ ਕ੍ਰਿਪਾ ਕਰੇ ਤਾਂ ਗੁਰੂ ਸ਼ਬਦ ਨਾਲ ਇਹ ਰੋਗ ਕੱਟਿਆ ਜਾ ਸਕਦਾ ਹੈ ।

ਗੁਰਬਾਣੀ ਦਾ ਕੇਂਦਰੀ ਬਿੰਦੂ ਮਨੁੱਖ ਹੈ । ਗੁਰੂ ਸ਼ਬਦ ਜੋ ਕਲਿਆਣਕਾਰੀ ਸ਼ਕਤੀ ਹੈ, ਨੂੰ ਮਨੁੱਖੀ ਹਿਰਦੇ ਵਿੱਚ ਧਾਰਨ ਕਰ ਕੇ ਆਪਣੇ ਅਵਗੁਣਾਂ ਉਤੇ ਕਾਬੂ ਪਾਇਆ ਜਾ ਸਕਦਾ ਹੈ । ਇਨ੍ਹਾਂ ਅਵਗੁਣਾਂ ਵਿਚੋਂ ਹਉਮੈ ਵੀ ਇੱਕ ਵੱਡਾ ਅਵਗੁਣ ਹੈ । ਇਸ ਨੂੰ ਮਾਰ ਕੇ ਮਨੁੱਖ ਦੈਵੀ ਗੁਣਾਂ ਦਾ ਮਾਲਕ ਬਣ ਸਕਦਾ ਹੈ । ਪ੍ਰਭੂ ਦਾ ਸ਼ਬਦ (ਨਾਮ) ਇੱਕ ਸਾਧਾਰਨ ਮਨੁੱਖ ਨੂੰ ਇੱਕ ਆਦਰਸ਼ ਮਨੁੱਖ ਬਣਾ ਸਕਦਾ ਹੈ । ਸ਼ਬਦ ਵਿੱਚ ਇਤਨੀ ਸ਼ਕਤੀ ਹੈ ਕਿ ਇਹ ਪਤਿਤਾਂ, ਨੀਚਾਂ ਤੇ ਪਾਪੀਆਂ ਨੂੰ ਵੀ ਪਵਿੱਤਰ ਕਰ ਸਕਦਾ ਹੈ। ਇਸੇ ਸ਼ਬਦ ਰਾਹੀਂ ਭਾਈ ਲਹਿਣਾ ਜੀ ਇੱਕ ਸਿੱਖ ਤੋਂ ਗੁਰੂ ਦੀ ਪਦਵੀ ਤੱਕ ਪਹੁੰਚ ਗਏ ਸਨ । ਭੱਟਾਂ ਨੇ ਆਪਣੀ ਰਚਨਾ ਵਿੱਚ ਇਸ ਦਾ ਵਿਚਾਰ ਦਿੱਤਾ ਹੈ :

*ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ।।* ( ਪੰਨਾ ੧੩੯੨)

ਗੁਰਬਾਣੀ ਇਹ ਵੀ ਦ੍ਰਿੜ੍ਹ ਕਰਾਉਂਦੀ ਹੈ ਕਿ ਮਨੁੱਖ ਜਨਮ ਸਮੇਂ ਰੱਬੀ ਗੁਣਾਂ ਨੂੰ ਨਾਲ ਲੈ ਕੇ ਆਇਆ ਸੀ । ਸੰਸਾਰ ਵਿੱਚ ਆ ਕੇ ਮਾਇਆ ਦੇ ਪ੍ਰਭਾਵ ਅਤੇ ਅਗਿਆਨਤਾ ਕਾਰਨ, ਇਨ੍ਹਾਂ ਰੱਬੀ ਗੁਣਾਂ ਤੋਂ ਦੂਰ ਚਲਾ ਗਿਆ ਹੈ । ਇਹ ਗੁਣ ਮੁੜ ਪ੍ਰਾਪਤ ਕੀਤੇ ਜਾ ਸਕਦੇ ਹਨ ।

ਪਾਣੀ ਦਾ ਬੁਲਬੁਲਾ ਸਮੁੰਦਰ ਦਾ ਹੀ ਅੰਗ ਹੁੰਦਾ ਹੈ ਪਰੰਤੂ ਹਵਾ ਦੇ ਦਬਾਅ ਕਾਰਨ ਇਹ ਆਪਣੀ ਇੱਕ ਵੱਖਰੀ ਹੋਂਦ ਕਾਇਮ ਕਰ ਲੈਂਦਾ ਹੈ । ਬੁਲਬੁਲਾ ਵੱਖਰਾ ਹੋ ਕੇ ਸੀਮਤ ਹੋ ਜਾਂਦਾ ਹੈ । ਹਵਾ ਥੋੜ੍ਹੇ ਸਮੇਂ ਲਈ ਉਸ ਦੀ ਵੱਖਰੀ ਹੋਂਦ ਕਾਇਮ ਕਰ ਤਾਂ ਦਿੰਦੀ ਹੈ ਪਰੰਤੂ ਇਹ ਵੱਖਰਾਪਣ ਥੋੜ੍ਹੇ ਚਿਰ ਲਈ ਹੀ ਹੁੰਦਾ ਹੈ । ਇਸ ਤਰ੍ਹਾਂ ਬੁਲਬੁਲੇ ਦੇ ਵੱਖਰੇ ਹੋਣ ਨਾਲ ਸਮੁੰਦਰ ਦੀ ਪੂਰਨਤਾ ਘਟਦੀ ਨਹੀਂ । ਬੁਲਬੁਲੇ ਨੂੰ ਆਪਣੇ ਅਧੂਰੇਪਣ ਦਾ ਅਹਿਸਾਸ ਜ਼ਰੂਰ ਹੁੰਦਾ ਹੈ ।

ਇਹੀ ਹਾਲਤ ਹਉਮੈਵਾਦੀ ਮਨੁੱਖ ਦੀ ਹੁੰਦੀ ਹੈ । ਹਉਮੈ ਕਾਰਨ ਮਨੁੱਖ ਆਪਣਾ ਇੱਕ ਵੱਖਰਾ ਪਸਾਰਾ ਬਣਾ ਲੈਂਦਾ ਹੈ । ਇੱਕ ਵੱਖਰੀ ਦੁਨੀਆਂ ਉਸਾਰ ਲੈਂਦਾ ਹੈ । ਇਸ ਵੱਖਰੇਪਣ ਕਾਰਨ ਹਉਮੈ ਦੀ ਭੀਤ

* *ਰੀਡਰ (ਰੀਟਾ:), ਪੰਜਾਬੀ ਯੂਨੀਵਰਸਿਟੀ, ਪਟਿਆਲਾ ।*

ਇਤਨੀ ਬਰੀਕ ਹੁੰਦੀ ਹੈ ਕਿ ਮਨੁੱਖ ਦੇ ਸਰੀਰ ਵਿੱਚ ਹਉਮੈ ਤੇ ਪਰਮਾਤਮਾ ਦੋਨਾਂ ਦਾ ਵਾਸਾ ਹੈ ਪਰੰਤੂ ਹਉਮੈ ਕਾਰਨ ਪਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦਾ :

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
(ਪੰਨਾ ੧੨੬੩)

*ਅੰਤਰਿ ਅਲਖੁ ਨ ਜਾਈ ਲਖਿਆ*
*ਵਿਚਿ ਪੜਦਾ ਹਉਮੈ ਪਾਈ ॥*
(ਪੰਨਾ ੨੦੫)

*ਪਰਿਭਾਸ਼ਾ :-*

ਮਹਾਨ ਕੋਸ਼ (ਪੰਨਾ ੨੫੫) ਅਨੁਸਾਰ ਹਉਮੈ ਦਾ ਅਰਥ ਮੈਂ-ਮੇਰੀ ਦਾ ਭਾਵ ਲਿਆ ਗਿਆ ਹੈ । ਇਸ ਦੇ ਹੋਰ ਅਰਥ ਅਹੰਤਾ, ਅਭਿਮਾਨ, ਹੰਕਾਰ, ਗਰਬ, ਖੁਦੀ, ਘੁਮੰਡ ਆਦਿ ਅੰਕਤ ਕੀਤੇ ਗਏ ਹਨ । ਅਹੰਕਾਰ ਅੰਤਹਕਰਣ ਦਾ ਉਹ ਭੇਦ ਹੈ ਜਿਸ ਦਾ ਵਿਸ਼ਾ ਹਉਮੈ ਹੈ । ਗੁਰਬਾਣੀ ਵਿੱਚ ਹਉਮੈ ਤੇ ਅਹੰਕਾਰ ਕਈ ਥਾਈਂ ਵੱਖਰੇ ਅਰਥਾਂ ਵਿੱਚ ਵੀ ਆਏ ਹਨ ।

'ਹਉਮੈ' ਹਉ + ਮੈਂ ਦਾ ਜੁੜਵਾ ਸ਼ਬਦ ਹੈ । ਇਹ ਸੰਸਕ੍ਰਿਤ 'ਅਹੰ' ਤੇ 'ਮਮ' ਦਾ ਤਤਭਵ ਰੂਪ ਹੈ । ਇਸ ਦਾ ਅਰਥ ਹੈ ਮੈਂ, ਮੇਰਾ । ਇਸ ਦਾ ਭਾਵ ਅਰਥ ਹੈ ਅਹੰ, ਅਭਿਮਾਨ । ਹਉਮੈ ਅੰਤਹਕਰਣ ਦੀ ਬਿਰਤੀ ਹੈ ਇੱਕ ਪ੍ਰਕਾਰ ਦਾ ਛਲ ਹੈ । ਹਉਮੈ ਮਾਇਆ ਦਾ ਦੂਸਰਾ ਰੂਪ ਹੀ ਹੈ । ਗੁਰਬਾਣੀ ਵਿਚ 'ਹਉ' ਤੇ 'ਮੈਂ' ਦੋਨਾਂ ਸ਼ਬਦਾਂ ਦੀ ਵਰਤੋਂ ਵੱਖਰੀ ਵੀ ਤੇ ਇਕੱਠੀ ਵੀ ਹੋਈ ਹੈ :

*ਹਉ ਹਉ ਮੈ ਮੈ ਵਿਚਹੁ ਖੋਵੈ ॥*
*ਦੂਜਾ ਮੇਟੈ ਏਕੋ ਹੋਵੈ ॥* (ਪੰਨਾ ੯੪੩)

ਧਰਮ ਤੇ ਸਦਾਚਾਰ ਦੇ ਐਨਸਾਈਕਲੋਪੀਡੀਆ ਵਿੱਚ ਹਉਮੈ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ :

*The Conception of ego is very perplexing. It is difficult to describe its contents and to discover its fundamental principles.*
(Vol. V.,p.227)

*ਹਉਮੈ ਦਾ ਸਰੂਪ :-*

ਗੁਰਬਾਣੀ ਵਿੱਚ ਹਉਮੈ ਨੂੰ ਕਈ ਪ੍ਰਕਾਰ ਦੇ ਔਗੁਣਾਂ ਨਾਲ ਭਰਪੂਰ ਦੱਸਿਆ ਗਿਆ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਇਸ ਨੂੰ 'ਮਹਾਂ ਦੁਖੁ' (ਪੰਨਾ ੯੦੬), ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਨੂੰ 'ਦੀਰਘ ਰੋਗੁ' (ਪੰਨਾ ੪੬੬), ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਨੂੰ 'ਵਡਾ ਰੋਗੁ' (ਪੰਨਾ ੧੨੫੮) ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ 'ਮਹਾਂ ਦੀਰਘ ਰੋਗੁ' ਦਾ ਨਾਂ ਦਿੱਤਾ ਹੈ :

*ਅਹੰਬੁਧਿ ਬਹੁ ਸਘਨ ਮਾਇਆ*
*ਮਹਾ ਦੀਰਘ ਰੋਗੁ ॥* (ਪੰਨਾ ੫੦੨)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਨੂੰ ਮਾਨੁ, ਗਰਬੁ, ਗੁਮਾਨੁ ਆਦਿ ਸ਼ਬਦਾਂ ਨਾਲ ਅੰਕਿਤ ਕੀਤਾ ਹੈ । (ਪੰਨਾ ੧੦੦੮, ੧੪੨੮)

ਹਉਮੈ ਲਈ ਗੁਰਬਾਣੀ ਵਿੱਚ ਬਿਖੁ (ਮਲਾਰ ਮ: ੩, ਪੰਨਾ ੧੨੬੦), ਮੈਲੁ (ਮਾਝ ਮ: ੩, ਪੰਨਾ ੧੨੩), ਗੁਬਾਰੁ (ਵਡਹੰਸੁ ਮ; ੩, ਪੰਨਾ ੫੬੦), ਪੀਰ (ਪੀੜ) ਸੂਹੀ ਮ: ੪, ਪੰਨਾ ੭੭੩), ਗਲਿ ਫੰਧੇ (ਮਾਰੂ ਮ: ੧, ਪੰਨਾ ੧੦੪੧), ਦੂਸਟੀ (ਸਿਰੀ ਰਾਗ ਮ: ੩ ਪੰਨਾ ੩੧), ਪੈਖੜੁ (ਬਸੰਤ ਮ: ੧, ਪੰਨਾ ੧੧੮੯) ਅਤੇ ਮਮਤਾ ਮਾਇਆ ਆਦਿ ਸ਼ਬਦ ਵੀ ਵਰਤੇ ਗਏ ਹਨ । ਕਿਤੇ-ਕਿਤੇ ਹਉਮੈ ਪੰਜ ਕਾਮਾਦਿਕਾਂ ਦੇ ਰੂਪ ਵਿੱਚ ਵੀ ਆਇਆ ਹੈ । ਹਉਮੈ ਦੀਆਂ ਪੰਜ ਅਲਾਮਤਾਂ

ਨੇ ਸਾਰੇ ਜਗਤ ਅੰਦਰ ਪਸਾਰਾ ਕੀਤਾ ਹੋਇਆ ਹੈ। ਮਨੁੱਖ ਇਸ ਜੰਜਾਲ ਨੂੰ ਆਪ ਹੀ ਉਣਦਾ ਹੈ ਤੇ ਆਪ ਹੀ ਇਸ ਵਿੱਚ ਫਸ ਜਾਂਦਾ ਹੈ:

*ਆਲ ਜਾਲ ਮਾਇਆ ਜੰਜਾਲ ॥*
*ਹਉਮੈ ਮੋਹ ਭਰਮ ਭੈ ਭਾਰ ॥*
(ਪੰਨਾ ੨੯੨)

ਗੁਰਬਾਣੀ ਵਿੱਚ ਹਉਮੈ ਨੂੰ ਇੱਕ ਪ੍ਰਕਾਰ ਦੀ ਅਗਿਆਨਤਾ ਕਿਹਾ ਗਿਆ ਹੈ। ਇਸ ਅਗਿਆਨਤਾ ਵਿੱਚ ਕੀਤੇ ਸਾਰੇ ਕਰਮ-ਧਰਮ ਬੰਧਨ ਦਾ ਕਾਰਨ ਬਣਦੇ ਹਨ । ਇਸ ਪ੍ਰਕਾਰ ਦੇ ਕਰਮਾਂ ਦੇ ਕਾਰਨ ਮਨੁੱਖ ਦਾ ਭਰਮ ਨਾਸ ਨਹੀਂ ਹੁੰਦਾ, ਹਉਮੈ ਯੁਕਤ ਮਨੁੱਖ ਦਾ ਮਨ ਪਰਮਾਤਮਾ ਤੋਂ ਦੂਰ ਰਹਿੰਦਾ ਹੈ । (ਮਾਰੂ ਮ. ੩, ਪੰਨਾ ੧੦੯੨) ਹਉਮੈ ਯੁਕਤ ਮਨੁੱਖ ਪ੍ਰਭੂ ਹੁਕਮ ਨੂੰ ਨਹੀਂ ਮੰਨਦਾ ਉਲਟਾ ਆਪਣਾ ਹੁਕਮ ਚਲਾਉਂਦਾ ਹੈ । ਹਉਮੈ ਵਿੱਚ ਕੀਤੀ ਸੇਵਾ ਪ੍ਰਵਾਨ ਨਹੀਂ ਹੁੰਦੀ । *'ਵਿਚਿ ਹਉਮੈ ਸੇਵਾ ਥਾਇ ਨ ਪਾਏ'* (ਮਾਰੂ ਮ. ੪, ਪੰਨਾ ੧੦੭੧) । ਹਉਮੈ ਝੂਠੀ ਹੈ, ਨਾਮ ਸੱਚਾ ਹੈ, ਇਹ ਦੋਨੋਂ ਵਿਰੋਧੀ ਤੱਤ ਹਨ ਜੋ ਇੱਕ ਥਾਂ ਨਹੀਂ ਰਹਿ ਸਕਦੇ :

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥*
(ਪੰਨਾ ੫੬੦)

ਹਉਮੈ ਯੁਕਤ ਮਨੁੱਖ ਦੀ ਤੀਰਥ ਯਾਤਰਾ, ਵਰਤ ਆਦਿ ਸਭ ਕੀਤੇ ਕਰਮ ਉਸ ਹਾਥੀ ਦੇ ਇਸ਼ਨਾਨ ਦੀ ਤਰ੍ਹਾਂ ਨਿਸਫਲ ਹੀ ਜਾਂਦੇ ਹਨ ਜਿਹੜਾ ਇਸ਼ਨਾਨ ਕਰਨ ਉਪਰੰਤ ਆਪਣੇ ਉਪਰ ਖੇਹ ਪਾ ਲੈਂਦਾ ਹੈ। ਹਉਮੈ ਅਧੀਨ ਕੀਤੇ ਕਰਮਾਂ ਦਾ ਜਦੋਂ ਮਨਮੁਖ ਅਹਿਸਾਸ ਜਤਲਾਉਂਦਾ ਹੈ ਤਾਂ ਸਭ ਵਿਅਰਥ ਚਲੇ ਜਾਂਦੇ ਹਨ ।

ਸਾਰਾ ਜਗਤ ਹੀ ਹਉਮੈ ਵਿੱਚ ਲਪੇਟਿਆ ਹੋਇਆ ਤਬਾਹੀ ਵੱਲ ਜਾ ਰਿਹਾ ਹੈ । ਹਉਮੈ ਯੁਕਤ ਮਨੁੱਖ ਨੂੰ ਕਿਸੇ ਗੱਲ ਦੀ ਸੋਝੀ ਨਹੀਂ ਹੁੰਦੀ । ਉਸ ਦਾ ਜੀਵਨ ਵਿਅਰਥ ਵਾਦ-ਵਿਵਾਦ ਵਿੱਚ ਹੀ ਬਰਬਾਦ ਹੋ ਜਾਂਦਾ ਹੈ । ਅਜਿਹੇ ਮਨੁੱਖ ਦੇ ਜਨਮ ਤੇ ਮਰਨ ਤਕ ਸਾਰੇ ਕਾਰਜ ਹਉਮੈ ਅਧੀਨ ਹੀ ਹੁੰਦੇ ਹਨ । ਗੁਰਬਾਣੀ ਅਨੁਸਾਰ ਸਾਰਾ ਜਗਤ ਹੀ ਹਉਮੈ ਦੀ ਅਗਿਆਨਤਾ ਦਾ ਸ਼ਿਕਾਰ ਹੈ:

*-ਹਉਮੈ ਵਿਚਿ ਜਗਤੁ ਮੁਆ*
*ਮਰਦੋ ਮਰਦਾ ਜਾਇ ॥* (ਪੰਨਾ ੫੫੫)
*- ਹਉਮੈ ਵਿਚਿ ਜਗੁ ਬਿਨਸਦਾ*
*ਮਰਿ ਜੰਮੈ ਆਵੈ ਜਾਇ ॥* (ਪੰਨਾ ੩੩)

ਉਪਨਿਸ਼ਦਾਂ ਵਿਚ ਹਉਮੈ ਨੂੰ ਅਗਿਆਨਤਾ ਉਤੇ ਆਧਾਰਤ ਮੰਨਿਆ ਹੈ। ਦਵੈਤ ਤੇ ਅਨੇਕਤਾ ਪੈਦਾ ਕਰਨ ਵਾਲੇ ਖਿਆਲ ਨੂੰ ਹਉਮੈ ਦਾ ਨਾਂ ਦਿੱਤਾ ਗਿਆ ਹੈ। ਮਨੁੱਖ ਜਦੋਂ ਆਪਣੇ ਕਰਤੱਵ ਦੀ ਪਾਲਣਾ ਕਰ ਕੇ ਜਤਲਾਉਂਦਾ ਹੈ ਕਿ ਮੈਂ ਕੀਤਾ ਹੈ। ਹਉਮੈ ਦਾ ਐਸਾ ਕਰਮ ਹੀ ਮਨੁੱਖ ਨੂੰ ਇਕ ਤੋਂ ਅਨੇਕ ਵੱਲ ਲਿਜਾਂਦਾ ਹੈ, ਅਦ੍ਵੈਤ ਤੋਂ ਦਵੈਤ ਵੱਲ ਤੋਰਦਾ ਹੈ । ਸ੍ਰੀ ਅਰਬਿੰਦੋ ਲਿਖਦਾ ਹੈ :-

***Ego is the factor, which determines the reaction of error, sorrow, pain, evil and death. (The Life Divine, p.88)***

ਗੀਤਾ ਅਨੁਸਾਰ ਮੈਂ ਕਰਦਾ ਹਾਂ, ਮੈਂ ਕਰ ਸਕਦਾ ਹਾਂ, ਆਦਿ ਭਾਵਨਾ ਵਾਲਾ ਮਨੁੱਖ ਹਉਮੈ ਯੁਕਤ ਹੁੰਦਾ ਹੈ । ਹਉਮੈ ਦੀ ਅਜਿਹੀ ਭਾਵਨਾ ਜੀਵ ਨੂੰ ਪਰਮਪਦ 'ਤੇ

ਪਹੁੰਚਣ ਨਹੀਂ ਦਿੰਦੀ ।

ਹਉਮੈ ਦੇ ਵਿਨਾਸ਼ ਲਈ ਗੁਰਬਾਣੀ ਵਿੱਚ ਸ੍ਰੋਤ ਤੇ ਸਾਧਨ ਦੋਨੋਂ ਹੀ ਦਿੱਤੇ ਗਏ ਹਨ । ਪ੍ਰਭੂ ਨਿਰਮਲ ਸਾਗਰ ਦੀ ਤਰ੍ਹਾਂ ਹੈ, ਪ੍ਰਭੂ ਨਿਰੰਕਾਰ ਹੁੰਦਾ ਹੋਇਆ ਵੀ ਸਾਰੇ ਸੰਸਾਰ ਵਿੱਚ ਜੋਤ ਰੂਪ ਹੋ ਕੇ ਵਿਆਪਕ ਹੈ। (ਮਾਝ ਮ. ੩, ਪੰਨਾ ੧੨੮) ਅਕਾਲ ਪੁਰਖ ਦੁਆਰਾ ਸਥਾਪਤ ਪ੍ਰਤੀਨਿਧ ਗੁਰੂ ਸਰਬ ਸਮਰੱਥ ਹੈ ਉਹ ਸ਼ਬਦ ਦੀ ਦਾਤ ਸਾਧਕ ਨੂੰ ਦੇ ਕੇ ਹਉਮੈ ਦਾ ਵਿਨਾਸ਼ ਕਰ ਦਿੰਦਾ ਹੈ । ਅਜਿਹੇ ਸਮਰੱਥ ਗੁਰੂ ਅੱਗੇ ਅਰਦਾਸ ਕਰਨੀ ਹੀ ਬਣਦੀ ਹੈ :

*ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ ਤੁਝ ਹੀ ਸਿਉ ਬਨਿ ਆਈ ।। ਕਰਿ ਕਿਰਪਾ ਗੁਰ ਦਰਸੁ ਦਿਖਾਵਹੁ ਹਉਮੈ ਸਬਦਿ ਜਲਾਈ ।।*

(ਪੰਨਾ ੫੦੪)

ਗੁਰੂ ਸ਼ਰਨ ਵਿੱਚ ਨਿਮਰਤਾ ਸਹਿਤ ਜਾਣ ਨਾਲ ਵੀ ਹਉਮੈ ਦਾ ਨਾਸ ਹੁੰਦਾ ਹੈ । ਹਉਮੈ ਦੇ ਵਿਨਾਸ਼ ਨਾਲ ਬਾਕੀ ਦੇ ਅਵਗੁਣ ਵੀ ਖਤਮ ਹੋ ਜਾਂਦੇ ਹਨ । ਪ੍ਰਭੂ ਚਰਨਾਂ ਦੀ ਪ੍ਰੀਤੀ ਪ੍ਰਭੂ ਕਿਰਪਾ ਨਾਲ ਹੀ ਹੁੰਦੀ ਹੈ । ਸਾਧਕ ਪਾਸ ਤਨ, ਮਨ ਤੇ ਧਨ ਤਿੰਨ ਵਸਤਾਂ ਆਪਣੀਆਂ ਮੰਨੀਆਂ ਜਾਂਦੀਆਂ ਹਨ। ਜਦੋਂ ਇਹ ਤਿੰਨੇ ਹੀ ਗੁਰੂ ਨੂੰ ਸਮਰਪਣ ਕਰ ਦੇਵੇ ਤਾਂ ਇਸ ਦਾ ਆਪਣਾ ਫਿਰ ਕੁਝ ਨਹੀਂ ਰਹਿੰਦਾ । ਆਪਣਾ ਆਪ ਮਿਟਾ ਦੇਣਾ ਹੀ ਹਉਮੈ ਦਾ ਵਿਨਾਸ਼ ਹੈ :

*ਚਰਨ ਕਮਲ ਸਿਉ ਲਾਗੋ ਪਿਆਰੁ ।।*
*ਬਿਨਸੇ ਕਾਮ ਕ੍ਰੋਧ ਅਹੰਕਾਰ ।।*

(ਪੰਨਾ ੧੩੩੯)

ਹਉਮੈ ਰਹਿਤ ਮਨੁੱਖ ਦੀਆਂ ਨਿਸ਼ਾਨੀਆਂ ਮਨੁੱਖ ਦੇ ਕਰਤੱਵ ਤੋਂ ਹੀ ਦਿਸ ਆਉਂਦੀਆਂ ਹਨ । ਐਸਾ ਮਨੁੱਖ ਗੁਣਵਾਨ ਹੁੰਦਾ ਹੋਇਆ ਆਪਣੇ ਆਪ ਨੂੰ ਇਆਣਾ ਦੱਸਦਾ ਹੈ । ਤਾਣ ਹੁੰਦਿਆਂ ਹੋਇਆਂ ਵੀ ਨਿਤਾਣਾ ਦੱਸਦਾ ਹੈ । ਆਪਣੇ ਆਪ ਨੂੰ ਨਿਮਰਤਾ ਭਾਵ ਵਾਲਾ ਤੇ ਦੂਸਰਿਆਂ ਨੂੰ ਆਪਣੇ ਮੀਤ ਗਿਣਦਾ ਹੈ । ਉਹ ਆਪਣੀਆਂ ਸਾਰੀਆਂ ਗਤੀਵਿਧੀਆਂ ਪਰਮਾਤਮਾ ਨੂੰ ਸਮਰਪਣ ਕਰ ਦਿੰਦਾ ਹੈ :

*ਰਹੈ ਅਤੀਤੁ ਜਾਣੈ ਸਭੁ ਤਿਸ ਕਾ ।।*
*ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ।।*

(ਪੰਨਾ ੮੩੨)

ਹਉਮੈ ਨੂੰ ਮਰਨ ਉਪਰੰਤ ਇਸ ਨੂੰ ਬਹੁਤ ਸਾਰੀਆਂ ਪ੍ਰਾਪਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿੱਚ ਆਉਂਦਾ ਹੈ । ਹਉਮੈ ਰਹਿਤ ਮਨੁੱਖ ਦਾ ਆਪਣੇ ਸਤਿਗੁਰੂ ਦੀ ਹਸਤੀ ਵਿੱਚ ਵਿਸ਼ਵਾਸ ਪ੍ਰਪੱਕ ਹੁੰਦਾ ਹੈ । ਮਨ ਦੀ ਭਟਕਣਾ ਖਤਮ ਹੁੰਦੀ ਹੈ । ਮਨ ਦੀ ਸਥਿਰਤਾ ਦਾ ਖਿਆਲ ਭਗਤੀ ਨੂੰ ਪ੍ਰਪੱਕ ਕਰਦਾ ਹੈ ਤੇ ਫਿਰ ਜਮਦੂਤ ਤੰਗ ਕਰਨ ਦੀ ਬਜਾਏ ਜੀਵ ਦੀ ਚਾਕਰੀ ਕਰਦੇ ਹਨ :

*ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ।।*
*ਦੂਤ ਲਗੇ ਫਿਰਿ ਚਾਕਰੀ*
*ਸਤਿਗੁਰ ਕਾ ਵੇਸਾਹੁ ।।* (ਪੰਨਾ ੧੯)

ਹਉਮੈ ਦੀ ਅਗਿਆਨਤਾ ਦਾ ਪਰਦਾ ਫਟ ਜਾਣ 'ਤੇ ਪਰਮਾਤਮਾ ਸਾਖਿਆਤਕਾਰ ਹੁੰਦਾ ਹੈ । ਹਿਰਦੇ ਦਾ ਭਰਮ ਦੂਰ ਹੁੰਦਾ ਹੈ। ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ । ਜਨਮ ਸਫਲ ਹੁੰਦਾ ਹੈ । ਦੁਨੀਆਂ ਦੀ ਮੁਹਤਾਜੀ ਖਤਮ ਹੁੰਦੀ ਹੈ । ਗੁਰੂ ਸ਼ਬਦ ਦੁਆਰਾ ਹਉਮੈ ਦਾ ਵਿਨਾਸ਼ ਹੋਣ 'ਤੇ ਮਨੁੱਖੀ ਮਨ ਸਹਜ ਅਵਸਥਾ ਵਿੱਚ ਆ ਜਾਂਦਾ ਹੈ। ਪੂਰਾ ਗੁਰੂ ਹੀ ਹਉਮੈ ਨੂੰ ਨਾਸ ਕਰਨ ਦੇ ਸਮਰੱਥ ਹੁੰਦਾ ਹੈ । ਹਉਮੈ ਤੋਂ ਮੁਕਤ ਹੋਣ ਉਪਰੰਤ

ਜੀਵ ਪਰਮਗਤੀ ਨੂੰ ਇਸੇ ਜੀਵਨ ਵਿੱਚ ਹੀ ਪ੍ਰਾਪਤ ਕਰ ਲੈਂਦਾ ਹੈ :

*ਗੁਰਿ ਪੂਰੈ ਹਉਮੈ ਮਲੁ ਧੋਈ ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥*
(ਪੰਨਾ ੭੩੬)

*ਜੀਵਨ ਮੁਕਤੁ ਸੋ ਆਖੀਐ*
*ਜਿਸੁ ਵਿਚਹੁ ਹਉਮੈ ਜਾਇ ॥*(ਪੰਨਾ ੧੦੧੦)

ਹਉਮੈ ਮੁਕਤ ਜੀਵ ਦੀ ਲਿਵ ਪ੍ਰਭੂ ਵਿੱਚ ਹਰ ਵਕਤ ਲੱਗੀ ਰਹਿੰਦੀ ਹੈ । ਹੁਕਮ ਮੰਨਣ ਨਾਲ ਹਉਮੈ ਦੀ ਬਿਖ ਅੰਦਰੋਂ ਅੰਦਰੀ ਮਰ ਜਾਂਦੀ ਹੈ । ਚੋਹਾਂ ਜੁਗਾਂ ਦਾ ਸੁਖ ਭਾਵ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ । ਸੱਚੇ ਪ੍ਰਭੂ ਦੀ ਪਛਾਣ ਹੋ ਜਾਂਦੀ ਹੈ :

*ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥* (ਪੰਨਾ ੫੫)

ਹਉਮੈ ਦੀਰਘ ਰੋਗ ਹੈ, ਪਰੰਤੂ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ । ਇਸ ਦੀ ਨਵਿਰਤੀ ਲਈ ਕਰੜੀ ਤਪ ਸਾਧਨਾ ਤੇ ਘਰ-ਬਾਰ ਤਿਆਗਣ ਦੀ ਲੋੜ ਨਹੀਂ । ਸੰਸਾਰ ਅਤੇ ਗ੍ਰਿਹਸਤ ਵਿੱਚ ਰਹਿੰਦਿਆਂ ਗੁਰੂ ਜਸ, ਨਾਮ ਸਿਮਰਨ, ਸਾਧ ਸੰਗਤ ਕਰਦਿਆਂ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ । ਮਨੁੱਖ ਆਪਾ ਸਮਰਪਣ ਕਰਨ ਤੇ ਪ੍ਰਭੂ ਕਿਰਪਾ ਨਾਲ ਜੀਵਨ ਆਦਰਸ਼ ਦੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ । ਪ੍ਰਭੂ ਗੁਣ ਗਾਉਣ ਨਾਲ ਹਉਮੈ ਦੀ ਮੈਲ ਉਤਰ ਜਾਂਦੀ ਹੈ । ਸੁਖਮਨੀ ਸਾਹਿਬ ਵਿੱਚ ਇਨ੍ਹਾਂ ਸਾਧਨਾਂ ਦਾ ਵਰਨਣ ਕੀਤਾ ਗਿਆ ਹੈ :

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥*
(ਪੰਨਾ ੨੮੯)

*ਹਉ ਮੈਲਾ ਮਲੁ ਕਬਹੁ ਨ ਧੋਵੈ ॥*
*ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥*
(ਪੰਨਾ ੨੬੪)

*ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥*
*ਨਾਨਕ ਸੋ ਜਨੁ ਸਦਾ ਅਰੋਗੁ ॥*
(ਪੰਨਾ ੨੮੨)

*ਸਾਧ ਕੈ ਸੰਗਿ ਮਿਟੈ ਅਭਿਮਾਨੁ ॥*
(ਪੰਨਾ ੨੭੧)

*ਸਾਧਸੰਗਿ ਇਹ ਹਉਮੈ ਛੋਰੈ ॥*
(ਪੰਨਾ ੨੬੬)

*ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥* (ਪੰਨਾ ੨੬੯)

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਹਉਮੈ ਰੋਗ ਤੇ ਹੁਕਮ ਦੋਵੇਂ ਹੀ ਪਰਮਾਤਮਾ ਵੱਲੋਂ ਪੈਦਾ ਕੀਤੀਆਂ ਗਈਆਂ ਸ਼ਕਤੀਆਂ ਹਨ । ਇਨ੍ਹਾਂ ਦੋਨਾਂ ਵਿੱਚ ਹੀ ਮਨੁੱਖ ਦੀ ਪਰਖ ਹੁੰਦੀ ਹੈ ਕਿ ਉਸ ਨੇ ਕਿਹੜੀ ਸ਼ਕਤੀ ਨੂੰ ਅਪਨਾਉਣਾ ਹੈ । ਦੋਨੋਂ ਹੀ ਸ਼ਕਤੀਆਂ ਦੇ ਗੁਣ ਤੇ ਔਗੁਣ ਵੀ ਬੜੇ ਵਿਸਥਾਰ ਸਹਿਤ ਦਰਸਾਏ ਗਏ ਹਨ । ਹਉਮੈ ਦੀ ਧਾਰਨਾ ਵਿਨਾਸ਼ ਵੱਲ ਕਦਮ ਹੈ ਅਤੇ ਹੁਕਮ ਦੀ ਪ੍ਰਾਪਤੀ ਪ੍ਰਭੂ ਤੇ ਗੁਰੂ ਕਿਰਪਾ ਨਾਲ ਹੁੰਦੀ ਹੈ।

## ਪਾਠਕਾਂ ਪ੍ਰਤੀ ਬੇਨਤੀ

ਜਿਨ੍ਹਾਂ ਪਾਠਕਾਂ ਦਾ ਚੰਦਾ ਬਕਾਇਆ ਹੋਵੇ ਕਿਰਪਾ ਕਰਕੇ ਉਹ ਆਪਣਾ ਚੰਦਾ ਸ਼ੀਘਰ ਹੀ ਭੇਜਣ ਦੀ ਖੇਚਲ ਕਰਨ ਜੀ ਤਾਂ ਕਿ ਸੱਚਖੰਡ ਪੱਤਰ' ਲਗਾਤਾਰ ਜਾਰੀ ਰੱਖਿਆ ਜਾ ਸਕੇ।

*– ਸੰਪਾਦਕ*

ਅੰਤਿਮ ਕਿਸ਼ਤ

# ਗੁਰੂ ਮਾਨਿਓ ਗ੍ਰੰਥ - ੧੦

*(ਲੜੀ ਜੋੜਨ ਲਈ ਨਵੰਬਰ ੨੦੦੯ ਦਾ ਅੰਕ ਦੇਖੋ)*

*- ਡਾ. ਰਤਨ ਸਿੰਘ ਜੱਗੀ*

ਤੀਜਾ ਪ੍ਰਮਾਣ ਹੈ 'ਗੁਰੁਸ਼ੋਭਾ' ਦਾ ਜਿਸ ਵਿਚ ਦਸਮ ਗੁਰੂ ਜੀ ਦੇ ਦਰਬਾਰੀ ਕਵਿ ਸੈਨਾਪਤਿ ਨੇ ਸਿੱਖਾਂ ਦੇ ਪੁੱਛੇ ਜਾਣ 'ਤੇ ਗੁਰੂ ਜੀ ਵਲੋਂ ਅਖਵਾਇਆ ਹੈ—

*ਸਤਿਗੁਰੂ ਹਮਾਰਾ ਅਪਰ ਅਪਾਰਾ*
*ਸਬਦ ਬਿਚਾਰਾ ਅਜਰ ਜਰੀ।*

ਚੌਥਾ ਪ੍ਰਮਾਣ ਮਾਤਾ ਸੁੰਦਰੀ ਜੀ ਵਲੋਂ ਜਾਰੀ ਕੀਤੇ ਹੁਕਮਨਾਮੇ ਦਾ ਹੈ ਜੋ ਹੁਣ ਭਾਈ ਚੇਤ ਸਿੰਘ, ਪਿੰਡ ਭਾਈ ਰੂਪਾ, ਜ਼ਿਲ੍ਹਾ ਬਠਿੰਡਾ ਪਾਸ ਸੁਰਖਿਅਤ ਹੈ। ਉਸ ਵਿਚ ਲਿਖਿਆ ਹੈ—*ਸਬਦ ਦਸਵੀ ਪਾਤਿਸਾਹੀ ਤਕ ਖੋਜਨਾ... ਗੁਰੂ ਕਾ ਨਿਵਾਸ ਸਬਦ ਵਿਚ ਹੈ 'ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ।*

ਪੰਜਵੀਂ ਗਵਾਹੀ ਭਾਈ ਕੌਇਰ ਸਿੰਘ ਕਲਾਲ ਦੀ ਹੈ ਜਿਸ ਨੇ ਸੰਨ 1751 ਈ. (1808 ਬਿ.) ਵਿਚ ਲਿਖੇ ਆਪਣੇ 'ਗੁਰਬਿਲਾਸ ਪਾ.੧੦' ਵਿਚ ਸਪੱਸ਼ਟ ਕੀਤਾ ਹੈ ਕਿ ਸਿੱਖਾਂ ਦੇ ਬੰਦਨਾ ਕਰਨ 'ਤੇ ਦਸਮ ਗੁਰੂ ਜੀ ਨੇ ਆਦੇਸ਼ ਦਿੱਤਾ—

*ਤਾਂ ਤੇ ਜੋ ਮੁਹ ਸਿਖ ਸੁਜਾਨਾ।*
*ਮਾਨੇ ਗੁਰੂ ਗ੍ਰੰਥ ਭਗਵਾਨਾ ।੯੩।*
*ਮੋ ਨਿਜ ਬਪੁ ਯਾ ਸਮ ਕੋ ਨਾਹੀ।*
*ਪੂਰਬ ਸ੍ਰੀ ਗੁਰੂ ਨਾਨਕ ਆਹੀ।...*
*ਦਸ ਅਵਤਾਰ ਗੁਪਤ ਹ੍ਵੈ ਜਾਹਿ।*
*ਕੁਲ ਨਹਿ ਪ੍ਰਗਟੈਗੀ ਪੁਨਿ ਤਾਹਿ।*
*ਗੁਰਿਆਈ ਕਾ ਨਹਿ ਅਬ ਕਾਲ।*
*ਤਿਲਕ ਨ ਦੇਵਹਿਗੇ ਕਿਸ ਭਾਲ।੯੬।*
*ਸਰਬ ਸੁ ਸੰਗਤਿ ਖਾਲਸ ਮਾਨ।*
*ਸ੍ਰੀ ਅਸਿਕੇਤੁ ਗੋਦ ਮੈ ਜਾਨ।*
*ਲੜ ਪਕੜਾਇ ਸਬਦ ਕਾ ਰੂਪ।*
*ਜੋ ਮਾਨੇ ਸੋ ਸਿੰਘ ਅਨੂਪ ।੯੭।*
*ਦਰਸਨ ਗੁਰ ਕਾ ਹੈ ਸਵਧਾਨ।*
*ਸ੍ਰੀ ਗ੍ਰੰਥ ਜੀ ਸਾਹਿਬ ਮਾਨ।੯੮।...*
*ਯਾ ਸਮ ਔਰ ਗੁਰ ਨਾਹੀ।*
*ਬਿਨਾ ਕਾਨ ਸਚੁ ਬਾਕ ਭਨਾਹੀ।...*
*ਯਾ ਬਿਧਿ ਔਰ ਗੁਰੂ ਨਹਿ ਕਹਿ ਹੀ।*
*ਤਾ ਤੇ ਸਾਚੋ ਗੁਰ ਯਹਿ ਚਹਿ ਹੀ।੧੦੨।*

ਛੇਵਾਂ ਪ੍ਰਮਾਣ ਭਾਈ ਕੇਸਰ ਸਿੰਘ ਛਿੱਬਰ ਦਾ ਹੈ ਜੋ ਗੁਰੂ-ਦਰਬਾਰ ਦੇ ਨਾਲ ਸੰਬੰਧਿਤ ਸੀ ਅਤੇ ਜਿਸ ਪਾਸ ਗੁਰੂ-ਘਰ ਦੀ ਇਕ ਵਹੀ ਵੀ ਉਪਲਬਧ ਸੀ। ਉਸ ਨੇ ਸੰਨ 1769 ਈ. (ਸੰਮਤ 1826 ਬਿ.) ਵਿਚ ਆਪਣੀ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਿਸਾਹੀਆ ਕਾ' ਵਿਚ ਸਿੱਖਾਂ ਦੇ ਪੁਛਣ ਤੇ ਗੁਰੂ ਜੀ ਵਲੋਂ ਦਸਵੇਂ ਚਰਣ ਵਿਚ ਲਿਖਿਆ ਹੈ—

ਦੁਇ ਜਾਮ ਗਤਿ ਤਾ ਕੁਸਾ ਬਿਛਾਵਾਈ।
ਸਿਖਾ ਹਥਿ ਜੋੜ ਕਰਿ ਬਿਨਤੀ ਪੁਛਾਈ।
ਗਰੀਬ ਨਿਵਾਜ ਸਿਖ ਸੰਗਤਿ ਹੈ ਤੇਰੀ
ਇਸ ਦਾ ਕੀ ਹਬਾਲੁ।
ਬਚਨ ਕੀਤਾ ਗ੍ਰੰਥ ਹੈ ਗੁਰੂ
ਲੜ ਪਕੜੋ ਅਕਾਲ।੬੭੯।

ਚੌਦਵੇਂ ਚਰਣ ਵਿਚ ਹੋਰ ਵਿਸਤਾਰ ਨਾਲ ਲਿਖਿਆ ਹੈ—

*ਸੁਣੋ ਭਾਈ ਸਿਖੋ ਐਸਾ ਸੰਤ ਬਾਬਾ ਨਾਨਕ ਸਚੁ ਜਾਨੋ। ਦਸੇ ਮਹਲ ਇਕ ਬਾਬਾ ਨਾਨਕ ਜੀ ਪਛਾਨੋ। ਦਸਵਾ ਪਾਤਸਾਹ ਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ।*
*ਅਜੁ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋ ਗਇਆ ਜੋ ਗ੍ਰੰਥੋ ਗਇਆ।੨੬੪।*

*ਜਿਤਨਾ ਹੋਇ ਆਵੈ ਤਿਤਨਾ ਗ੍ਰੰਥ ਸਾਹਿਬ ਦੇ ਬਚਨ ਕਮਾਣੇ। ਬਿਨਾ ਗ੍ਰੰਥ ਕੋਈ ਹੋਰ ਨ ਜਾਣੇ।...*
*ਆਜੁ ਕੇ ਸਮੇ ਹੈ ਗ੍ਰੰਥ ਸਾਹਿਬ ਗੁਰੂ ਹਮਾਰਾ।*
*ਅਗੇ ਦਸਵਾ ਪਾਤਸਾਹ ਲਾਇ ਬੈਠਤ ਥੇ ਦਰਬਾਰਾ।*
*ਜੋ ਸੰਕਾ ਹੋਤੀ ਸੋ ਸਾਹਿਬ ਦਸਵੇ ਤੇ ਪੁਛ ਲੇਤੇ। ਅਬ ਤਿਸਕਾ ਆਸਨ ਗ੍ਰੰਥ ਗੁਰੂ ਉਤਰਿ ਹੈ ਦੇਤੇ।੩੮੯।*

ਉਪਰੋਕਤ ਮੁਢਲੇ ਹਵਾਲਿਆਂ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਦਸਮ ਗੁਰੂ ਜੀ ਨੇ ਆਪਣੇ ਬਾਦ ਗ੍ਰੰਥ ਸਾਹਿਬ ਨੂੰ ਗੁਰਤਾ ਪ੍ਰਦਾਨ ਕੀਤੀ। ਇਨ੍ਹਾਂ ਮੁਢਲੇ ਹਵਾਲਿਆਂ ਤੋਂ ਇਲਾਵਾ ਭਾਈ ਪ੍ਰਹਿਲਾਦ ਸਿੰਘ ਦੇ ਰਚੇ ਰਹਿਤਨਾਮੇ, ਸੇਵਾਦਾਸ ਕ੍ਰਿਤ 'ਪਰਚੀਆ ਪਾਤਸ਼ਾਹੀ ੧੦', ਸਰੂਪ ਦਾਸ ਭਲਾ ਕ੍ਰਿਤ 'ਮਹਿਮਾ ਪ੍ਰਕਾਸ਼', ਭਾਈ ਰਤਨ ਸਿੰਘ ਭੰਗੂ ਕ੍ਰਿਤ 'ਪ੍ਰਾਚੀਨ ਪੰਥ ਪ੍ਰਕਾਸ਼', ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ', ਗਿਆਨੀ ਗਿਆਨ ਸਿੰਘ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਪੰਥ ਪ੍ਰਕਾਸ਼' ਆਦਿ ਅਨੇਕ ਪਰਵਰਤੀ ਇਤਿਹਾਸ ਗ੍ਰੰਥਾਂ ਵਿਚ ਵੀ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ-ਪਦ ਪ੍ਰਦਾਨ ਕੀਤਾ ਗਿਆ ਲਿਖਿਆ ਹੈ। ਇਨ੍ਹਾਂ ਇਤਿਹਾਸਕ ਰਚਨਾਵਾਂ ਤੋਂ ਇਲਾਵਾ ਸਿੱਖ ਧਰਮ ਨਾਲ ਸੰਬੰਧਿਤ ਫ਼ਾਰਸੀ ਅਤੇ ਅੰਗ੍ਰੇਜ਼ੀ ਸਰੋਤਾਂ ਤੋਂ ਵੀ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਦੀ ਪੁਸ਼ਟੀ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ - ਸ਼ਬਦ ਦਾ ਸੰਗ੍ਰਹਿ ਹੈ। ਗੁਰੂ-ਸ਼ਬਦ ਤੋਂ ਭਾਵ ਹੈ ਗੁਰੂ ਦੇ ਮੁਖ ਤੋਂ ਉਚਰਿਆ ਹੋਇਆ ਸ਼ਬਦ। ਇਸ ਨੂੰ ਗੁਰੂ-ਬਾਣੀ ਜਾਂ ਗੁਰੂ-ਸਿਖਿਆ ਵੀ ਕਿਹਾ ਜਾ ਸਕਦਾ ਹੈ। ਇਸ ਦਾ ਮਹੱਤਵ ਇਤਨਾ ਹੀ ਹੈ ਜਿਤਨਾ ਗੁਰੂ ਦਾ ਆਪਣਾ। ਗੁਰੂ ਆਪਣੇ ਸ਼ਬਦ ਵਿਚ ਸਮਾਇਆ ਹੋਇਆ ਹੈ— *ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ।* (ਗੁ. ਗ੍ਰੰ. 1112) ਇਹ ਬਾਣੀ ਪ੍ਰਭੂ ਦੁਆਰਾ ਗੁਰੂ ਨੂੰ ਉਤਰੀ ਸੀ, ਆਵੇਸ਼ਿਤ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ— *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।* (ਗੁ.ਗ੍ਰੰ. 722)। ਇਸ ਅਗੰਮੀ ਬਾਣੀ ਬਾਰੇ ਸ੍ਰੀ ਗੁਰੂ ਰਾਮ ਦਾਸ ਜੀ ਨੇ ਫ਼ਰਮਾਇਆ ਹੈ ਕਿ ਬਾਣੀ ਨੂੰ ਪਰਮਾਤਮਾ ਬਾਣੀਕਾਰ ਦੇ ਮੂੰਹ ਵਿਚੋਂ ਖ਼ੁਦ ਉਚਰਵਾਉਂਦਾ ਹੈ—
*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।*
(ਗੁ.ਗ੍ਰੰ. 308)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਰਠਿ ਰਾਗ ਵਿਚ ਕਿਹਾ ਹੈ— *ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ।* (ਗੁ.ਗ੍ਰੰ.628) ਇਹ ਬਾਣੀ ਪ੍ਰਭੂ ਦੇ ਹੁਕਮ ਅਧੀਨ ਹੀ ਉਚਾਰੀ ਗਈ ਸੀ— *ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।* (ਗੁ.ਗ੍ਰੰ.763)। ਇਸ ਨੂੰ ਸੱਚੀ ਬਾਣੀ— *ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ। ਜਿਨਿ ਪੀਤੀ ਤਿਸੁ ਮੋਖ ਦੁਆਰ* (1275) — ਅਤੇ ਅੰਮ੍ਰਿਤਮਈ ਬਾਣੀ— *ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ—* (1243) ਵੀ ਕਹਿ ਕੇ ਗੌਰਵ ਬਖ਼ਸ਼ਿਆ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਓਅੰਕਾਰ' ਨਾਂ ਦੀ ਬਾਣੀ ਵਿਚ ਲਿਖਿਆ ਹੈ ਕਿ ਗੁਰਬਾਣੀ ਨੂੰ ਵਿਚਾਰਨ ਵਾਲਾ ਕੋਈ ਵਿਰਲਾ ਹੀ ਹੈ। ਮਹਾਪੁਰਖ ਦੀ ਬਾਣੀ ਹੋਣ ਨਾਤੇ ਇਹ ਜਿਗਿਆਸੂ ਨੂੰ ਪਰਮਾਤਮਾ ਨਾਲ ਇਕ-ਮਿਕ ਕਰਾਉਣ ਦੇ ਪੂਰੀ ਤਰ੍ਹਾਂ ਸਮਰਥ ਹੈ— *ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ। ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ।* (ਗੁ.ਗ੍ਰੰ.935) ਗੁਰੂ ਜੀ ਨੇ ਤਾਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਵਿਅਕਤੀ ਬਾਣੀ ਨੂੰ ਵਿਸਾਰ ਦਿੰਦਾ ਹੈ ਉਹ ਪੱਕੇ ਰੋਗੀ ਵਾਂਗ ਸਦਾ ਵਿਲ੍ਹਕਦਾ ਰਹਿੰਦਾ ਹੈ—
*ਜੈ ਤਨਿ ਬਾਣੀ ਵਿਸਰਿ ਜਾਇ।*
*ਜਿਉ ਪਕਾ ਰੋਗੀ ਵਿਲਲਾਇ।* (ਗੁ.ਗ੍ਰੰ.661)।

ਸਾਫ਼ ਹੈ ਕਿ ਜਿਵੇਂ ਪਰਮਾਤਮਾ ਅਤੇ ਗੁਰੂ ਇਕ ਰੂਪ ਹਨ, ਅਭਿੰਨ ਹਨ, ਉਸੇ ਤਰ੍ਹਾਂ ਗੁਰੂ ਅਤੇ ਗੁਰਬਾਣੀ (ਸ਼ਬਦ) ਵੀ ਅਭਿੰਨ ਹਨ— *ਬਾਣੀ ਗੁਰੂ*

*ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।* (ਗੁ.ਗ੍ਰੰ.982) ਇਸ ਤਰ੍ਹਾਂ ਪਰਮਾਤਮਾ, ਗੁਰੂ ਅਤੇ ਗੁਰਬਾਣੀ ਅਭਿੰਨ ਹਨ। ਇਕੋ ਸੱਤਾ ਦੇ ਵੱਖ ਵੱਖ ਰੂਪ ਹਨ। ਸ੍ਰੀ ਗੁਰੂ ਅਮਰ ਦਾਸ ਜੀ ਨੇ ਬਾਣੀ ਅਤੇ ਨਿਰੰਕਾਰ ਵਿਚ ਕੋਈ ਵਖਰਤਾ ਨਹੀਂ ਮੰਨੀ— *ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।* (ਗੁ.ਗ੍ਰੰ.515)। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੋਥੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਨਾਂ) ਨੂੰ ਪਰਮੇਸ਼ਵਰ ਦਾ ਨਿਵਾਸ-ਸਥਾਨ ਦਸਿਆ ਹੈ। ਕਹਿਣ ਤੋਂ ਭਾਵ ਕਿ ਪਰਮਾਤਮਾ ਬਾਣੀ ਦੀ ਪੋਥੀ ਵਿਚ ਮੌਜੂਦ ਹੈ— *ਪੋਥੀ ਪਰਮੇਸਰ ਕਾ ਥਾਨੁ।* (ਗੁ.ਗ੍ਰੰ. 1226)। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਹੇ ਜਿਗਿਆਸੂਓ! ਵਿਚਾਰ ਪੂਰਵਕ ਵੇਖ ਲਵੋ ਕਿ ਗੁਰੂ ਦੇ ਸ਼ਬਦ ਤੋਂ ਬਿਨਾ ਸੰਸਾਰ ਤੋਂ ਖ਼ਲਾਸੀ ਨਹੀਂ ਹੋ ਸਕਦੀ ਕਿਉਂਕਿ ਗੁਰੂ ਤੋਂ ਬਿਨਾ ਲੱਖਾਂ ਕਰਮ-ਕਾਂਡ ਕਰ ਲਈਏ, ਪਰ ਅਗਿਆਨ ਦਾ ਹਨੇਰਾ ਦੂਰ ਨਹੀਂ ਹੁੰਦਾ—

*ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ। ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ।*

(ਗੁ.ਗ੍ਰੰ.229)

ਗੁਰੂ ਅਤੇ ਸ਼ਬਦ ਦੀ ਇਸ ਏਕਾਕਾਰਤਾ ਜਾਂ ਅਭਿੰਨਤਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕੀਤਾ ਅਤੇ ਸਿੱਖਾਂ ਲਈ ਦੇਹਧਾਰੀ ਗੁਰੂ ਕੀ ਪਰੰਪਰਾ ਨੂੰ ਖ਼ਤਮ ਕਰਕੇ ਸ਼ਬਦ-ਗੁਰੂ ਦੇ ਲੜ ਲਗਾਇਆ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਪ੍ਰਮਾਣਿਕ ਗ੍ਰੰਥ ਹੈ ਜਿਸ ਦੀ ਬਾਣੀ ਨੂੰ ਨ ਕੇਵਲ ਬਾਣੀਕਾਰ ਗੁਰੂ ਸਾਹਿਬਾਨ ਨੇ ਸੰਭਾਲੀ ਰਖਿਆ ਸਗੋਂ ਇਸ ਨੂੰ ਸੰਪਾਦਿਤ ਕਰਕੇ ਲੋਕ ਕਲਿਆਣ ਲਈ ਅਤੇ ਭਵਸਾਗਰ ਤਰਨ ਲਈ ਭਰੋਸੇ ਜੋਗਾ ਜਹਾਜ਼ ਤਿਆਰ ਕੀਤਾ। ਇਹ ਇਕ ਸਰਬ-ਸਾਂਝਾ ਗ੍ਰੰਥ ਹੈ ਜਿਸ ਵਿਚ ਕਿਸੇ ਇਕ ਫ਼ਿਰਕੇ, ਧਰਮ, ਸੰਸਥਾ ਜਾਂ ਸਾਧਨਾ ਸੰਬੰਧੀ ਬਚਨ ਦਰਜ ਨਹੀਂ ਹੋਏ, ਸਗੋਂ ਮਨੁੱਖਤਾ ਦੇ ਉੱਧਾਰ ਲਈ ਹਰ ਉਸ ਸਾਧਕ ਮਹਾਪੁਰਸ਼ ਦੀ ਬਾਣੀ ਨੂੰ ਬਿਨਾ ਧਾਰਮਿਕ ਵਿਥਾਂ ਦੇ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਤਾਂ ਜੋ ਸੰਸਾਰਿਕਤਾ ਵਿਚ ਫਸੇ ਮਨੁੱਖ ਨੂੰ ਉਤਮ ਉਪਦੇਸ਼ ਦੇ ਕੇ ਪਰਮ ਆਨੰਦ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ ਜਾ ਸਕੇ।

ਇਸ ਗ੍ਰੰਥ ਵਿਚਲੇ ਸੰਦੇਸ਼ ਅਤੇ ਸਿਖਿਆਵਾਂ ਦੀ ਅੱਜ ਦੇ ਯੁਗ ਵਿਚ ਵੀ ਲੋੜ ਹੈ ਅਤੇ ਇਹ ਲੋੜ ਪਹਿਲਾਂ ਵਾਂਗ ਹੀ ਬਣੀ ਹੋਈ ਹੈ। ਭਾਰਤ ਹੀ ਨਹੀਂ ਵਿਸ਼ਵ-ਸਾਹਿਤ ਦੀ ਵੀ ਇਹ ਗ੍ਰੰਥ ਇਕ ਅਮੋਲਕ ਪ੍ਰਾਪਤੀ ਹੈ। ਇਸ ਦਾ ਉਦੋਂ ਮਹੱਤਵ ਸੀ ਜਦੋਂ ਇਸ ਦਾ ਸੰਪਾਦਨ ਕੀਤਾ ਗਿਆ। ਇਸ ਦਾ ਹੁਣ ਵੀ ਮਹੱਤਵ ਹੈ ਕਿਉਂਕਿ ਵਿਕਾਰਾਂ ਵਿਚ ਫਸੀ ਮਨੁਖਤਾ ਨੂੰ ਇਸ ਤੋਂ ਬਿਨਾ ਹੋਰ ਕਿਤੋਂ ਵੀ ਸੱਚੀ ਅਤੇ ਕਲਿਆਣਕਾਰੀ ਸੇਧ ਨਹੀਂ ਮਿਲ ਸਕਦੀ। ਇਸ ਦਾ ਮਹਤਵ ਉਦੋਂ ਵੀ ਰਹੇਗਾ ਜਦੋਂ ਤਕ ਸੰਸਾਰ ਵਿਚ ਮਨੁਖ ਮੌਜੂਦ ਹੈ। ਸੱਚ ਤਾਂ ਇਹ ਹੈ ਕਿ ਜਦੋਂ ਤਕ ਸੰਸਾਰ ਵਿਚ ਪਹਾੜ ਕਾਇਮ ਹਨ, ਨਦੀਆਂ ਵਗਦੀਆਂ ਹਨ, ਪੌਣ ਚਲਦੀ ਹੈ, ਬਦਲ ਵਰ੍ਹਦੇ ਹਨ, ਉਦੋਂ ਤਕ ਇਸ ਗ੍ਰੰਥ ਦੀਆਂ ਨੂਰਾਨੀ ਕਿਰਨਾਂ ਵਿਕਾਰਾਂ ਦੇ ਹਨੇਰੇ ਨੂੰ ਦੂਰ ਕਰਦੀਆਂ ਰਹਿਣਗੀਆਂ ਅਤੇ ਮਾਨਵਤਾ ਦੇ ਤਪਦੇ ਹਿਰਦੇ ਨੂੰ ਸ਼ੀਤਲ ਕਰਦੀਆਂ ਰਹਿਣਗੀਆਂ।

### ਅੰਤਿਕਾ

ਅੰਤ ਵਿਚ ਨਮਸਕਾਰ ਹੈ ਉਸ ਧਰਤੀ ਨੂੰ, ਪ੍ਰਣਾਮ ਹੈ ਉਸ ਸਥਾਨ ਨੂੰ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਹਾ-ਪ੍ਰਸਥਾਨ ਤੋਂ ਪਹਿਲਾਂ ਸਿੱਖਾਂ ਨੂੰ ਸ਼ਬਦ-ਗੁਰੂ ਦੇ ਲੜ ਲਗਾਉਂਦਿਆਂ ਗ੍ਰੰਥ ਸਾਹਿਬ ਨੂੰ ਗੁਰਤਾ ਪ੍ਰਦਾਨ ਕੀਤੀ। ਸਿੱਖਾਂ ਨੂੰ ਸਹੀ ਦਿਸ਼ਾ ਵਿਚ ਦੁਸਤਰ ਭਵਸਾਗਰ ਤਰਨ ਲਈ ਇਕ ਚਾਨਣ-ਮੁਨਾਰਾ ਬਖ਼ਸ਼ਿਆ ਜਿਸ ਦੀ ਜੋਤਿ ਨਿਰੰਤਰ ਜਗਦੀ ਹੋਈ ਜਿਗਿਆਸੂਆਂ ਦਾ

(ਬਾਕੀ ਸਫਾ ੨੭ 'ਤੇ)

# ਦੋਸੁ ਨ ਦੀਜੈ ਕਾਹੂ

– ਡਾ. ਗੁਰਚਰਨ ਸਿੰਘ *

ਰਾਮਕਲੀ ਰਾਗ ਵਿੱਚ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ੧੯ ਵਾਂ ਸ਼ਬਦ ਆਰੰਭ ਹੁੰਦਾ ਹੈ :

ਦੋਸੁ ਨ ਦੀਜੈ ਕਾਹੂ ਲੋਗ ।।
ਜੋ ਕਮਾਵਨੁ ਸੋਈ ਭੋਗ ।।
ਆਪਨ ਕਰਮ ਆਪੇ ਹੀ ਬੰਧ ।।
ਆਵਨੁ ਜਾਵਨੁ ਮਾਇਆ ਧੰਧ ।।
(ਪੰਨਾ ੮੮੮)

ਗੁਰੂ ਸਾਹਿਬ ਇਸ ਵਿੱਚ ਮਨੁੱਖ ਦੀ ਇੱਕ ਬੜੀ ਬਨਿਆਦੀ ਕਮਜ਼ੋਰੀ ਵੱਲ ਸੰਕੇਤ ਕਰ ਰਹੇ ਹਨ। ਇਹ ਕਮਜ਼ੋਰੀ ਹੈ ਕਿ ਉਹ ਹਮੇਸ਼ਾ ਬਾਹਰ ਵੱਲ ਨੂੰ ਵੇਖਦਾ ਹੈ ਅਤੇ ਵੇਖਦਾ ਵੀ ਆਪਣੇ ਤੋਂ ਉਚੇ, ਆਪਣੇ ਤੋਂ ਵਧੇਰੇ ਖੁਸ਼ਹਾਲ, ਆਪਣੇ ਤੋਂ ਤਕੜੇ ਤੇ ਸਮਰੱਥ ਵੱਲ ਹੈ । ਜੇ ਆਪਣੇ ਤੋਂ ਨੀਵੇਂ ਵੱਲ ਵੇਖੇ ਜਾਂ ਆਪਣੇ ਤੋਂ ਆਰਥਕ ਤੌਰ 'ਤੇ ਕਮਜ਼ੋਰ ਵੱਲ ਧਿਆਨ ਦੇਵੇ ਤਾਂ ਉਸ ਦਾ ਸਿਰ, ਕਰਤਾ/ਵਿਧਾਤਾ ਪ੍ਰਤੀ ਸ਼ੁਕਰਾਨੇ ਵਜੋਂ ਝੁਕੇਗਾ ਤੇ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਤੇ ਚੰਗੇ ਭਾਗਾਂ ਵਾਲਾ ਸਮਝੇਗਾ। ਪਰ ਇੰਜ ਨਾ ਕਰਨ ਕਰਕੇ ਉਹ ਆਪਣੀ ਹਰ ਕਮਜ਼ੋਰੀ, ਹਰ ਉਕਾਈ, ਹਰ ਦੋਸ਼ ਦਾ ਜ਼ੁੰਮੇਵਾਰ ਕਿਸੇ ਹੋਰ ਨੂੰ ਠਹਿਰਾਉਣ ਦਾ ਆਦੀ ਬਣ ਜਾਂਦਾ ਹੈ । ਉਹ ਰੱਬ ਵੀ ਹੋ ਸਕਦਾ ਹੈ, ਮਾਪੇ, ਸਾਕ-ਸੰਬੰਧੀ, ਦੋਸਤ-ਮਿੱਤਰ ਵੀ ਹੋ ਸਕਦੇ ਹਨ । ਪਰ ਇੰਜ ਕਰਦਾ ਉਹ ਆਪਣੀ ਅਗਿਆਨਤਾ ਸਦਕਾ ਹੈ ਕਿਉਂਕਿ ਜਿਵੇਂ ਗੁਰੂ ਜੀ ਨੇ ਉਪਰ ਦੱਸਿਆ ਹੈ, ਹੁੰਦਾ ਉਹੀ ਹੈ ਜੋ ਉਸ ਦੀ ਆਪਣੀ ਕਰਨੀ ਦਾ ਫਲ ਹੁੰਦਾ ਹੈ ।

ਮਨੁੱਖ ਅੰਦਰ ਦੂਜਿਆਂ ਉਪਰ ਦੋਸ਼ ਦੇਣ ਦਾ ਸੁਭਾਅ ਜੀਵਨ ਵਿਚਲੀ ਅਸੰਤੁਸ਼ਟਤਾ ਤੋਂ ਉਪਜਦਾ ਹੈ; ਸ੍ਵੈ-ਵਿਸ਼ਵਾਸ ਦੀ ਘਾਟ ਅਥਵਾ ਸ੍ਵੈਹੀਣਤਾ ਅਤੇ ਈਰਖਾ ਦੀ ਉਪਜ ਹੁੰਦਾ ਹੈ । ਦੂਜਿਆਂ ਦੀ ਸੁਖ-ਸ਼ਾਂਤੀ ਭਰੀ ਅਵਸਥਾ ਬਰਦਾਸ਼ਤ ਨਹੀਂ ਹੁੰਦੀ । ਜੀਵਨ ਦਾ ਨਿਸ਼ੇਧਾਤਮਿਕ ਦ੍ਰਿਸ਼ਟੀਕੋਣ ਬਣ ਜਾਂਦਾ ਹੈ । ਇਸ ਤਰ੍ਹਾਂ ਦਾ ਸੁਭਾਅ ਬਣ ਜਾਣ ਨਾਲ ਮਨੁੱਖ ਨੂੰ ਆਪਣਾ ਸਾਰਾ ਜੀਵਨ ਥੁੜਾਂ ਭਰਿਆ ਹੀ ਦਿਸ ਆਉਂਦਾ ਹੈ ਅਤੇ ਉਹ ਹਰ ਵੇਲੇ ਝੁਰਦਾ ਦਿਸ ਆਉਂਦਾ ਹੈ । ਇਹੋ ਜਿਹੇ ਮਨੁੱਖ ਨੂੰ ਗੁਰੂ ਸਾਹਿਬ ਸੰਬੋਧਿਤ ਹਨ, ਜਦੋਂ ਉਹ ਫੁਰਮਾਨ ਕਰਦੇ ਹਨ :

*ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ।। ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ।।*
(ਪੰਨਾ ੪੩੩)

ਗੁਰੂ ਸਾਹਿਬ ਅਜਿਹੇ ਵਿਅਕਤੀ ਨੂੰ ਭਰੋਸਾ ਦੁਆ ਰਹੇ ਹਨ ਕਿ ਇਸ ਬ੍ਰਹਿਮੰਡ ਨੂੰ ਚਲਾ ਰਿਹਾ ਪ੍ਰਭੂ ਜਿਸ ਕਿਸੇ ਦੇ ਵੀ ਕੋਈ ਯੋਗ ਹੈ, ਉਹ ਕੁਝ ਉਸ ਨੂੰ ਦੇ ਹੀ ਨਹੀਂ ਰਿਹਾ ਸਗੋਂ ਪੂਰਨ ਚੇਤਨਤਾ ਨਾਲ ਇਸ ਗੱਲ ਦੀ ਵੀ ਨਿਗਰਾਨੀ ਕਰ ਰਿਹਾ ਹੈ ਕਿ ਜਿਸ ਦੇ ਯੋਗ ਹੈ, ਉਹ ਉਸ ਨੂੰ ਮਿਲ ਜਾਵੇ । ਦੋਸ਼ ਦੇਣ ਦੀ ਰੁਚੀ ਵਾਲਾ ਮਨੁੱਖ

---

* ੧ ਫਿਲੌਂ ਮਾਰਗ, ਮਾਡਲ ਟਾਊਨ ਪਟਿਆਲਾ (ਪੰਜਾਬ)

ਅਸਲ ਵਿੱਚ ਪ੍ਰਭੂ ਹੁਕਮ ਅਥਵਾ ਇਸ ਸ੍ਰਿਸ਼ਟੀ ਦੇ ਸੰਚਾਲਨ ਦੇ ਦਸਤੂਰ ਤੋਂ ਅਗਿਆਨਤਾ ਸਦਕਾ ਇਉਂ ਸਮਝ ਰਿਹਾ ਹੁੰਦਾ ਹੈ । ਉਹ ਇਹ ਨਹੀਂ ਜਾਣ ਰਿਹਾ ਹੁੰਦਾ ਕਿ ਜੋ ਕੁਝ ਵਾਪਰ ਰਿਹਾ ਹੈ, ਉਹ ਜਿਸ ਸਥਿਤੀ ਵਿਚੋਂ ਲੰਘ ਰਿਹਾ ਹੁੰਦਾ ਹੈ ਇਹ ਉਸ ਦੇ ਆਪਣੇ ਕਰਮਾਂ (ਕੀਤੇ ਕੰਮਾਂ) ਦਾ ਨਤੀਜਾ ਹੈ । ਸ੍ਰੀ ਗੁਰੂ ਨਾਨਕ ਸਾਹਿਬ ਆਸਾ ਰਾਗ ਦੀ ਪਟੀ ਵਿਚ ਮਨੁੱਖ ਨੂੰ ਇਹੀ ਸਮਝਾ ਰਹੇ ਹਨ :

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥* (ਪੰਨਾ ੪੩੩)

ਇਹੋ ਜਿਹੇ ਵਿਅਕਤੀ ਦੀ ਲੋਚਾ ਉਸ ਕਿਸਾਨ ਵਰਗੀ ਹੁੰਦੀ ਹੈ, ਜਿਸ ਦਾ ਜ਼ਿਕਰ ਬਾਬਾ ਫਰੀਦ ਜੀ ਆਪਣੇ ਇੱਕ ਸਲੋਕ ਵਿੱਚ ਇਉਂ ਕਰਦੇ ਹਨ :

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥* (ਪੰਨਾ ੧੩੭੯)

ਕੰਮ ਤਾਂ ਉਹ ਮਾੜੇ ਕਰਦਾ ਹੈ ਤੇ ਚਾਹੁੰਦਾ ਹੈ ਮੈਨੂੰ ਜੀਵਨ ਵਿੱਚ ਸੁੱਖ-ਸ਼ਾਂਤੀ ਮਿਲੇ । ਰਾਗ ਸੂਹੀ ਵਿੱਚ ਵੀ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਗੱਲ ਨੂੰ ਪੁਨਰ-ਦ੍ਰਿੜ੍ਹ ਕਰਵਾਉਂਦੇ ਹਨ ਜਦੋਂ ਆਪ ਫਰਮਾ ਰਹੇ ਹਨ :

*ਦਿਨੁ ਰੈਨਿ ਅਪਨਾ ਕੀਆ ਪਾਈ ॥*
*ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥*
(ਪੰਨਾ ੭੪੫)

ਸਾਡੀ ਕਰਨੀ ਹੀ ਅਸਲ ਵਿੱਚ ਸਾਡੀ ਸਾਰੀ ਭਟਕਣ ਤੇ ਨਿਰਾਸਤਾ ਦਾ ਕਾਰਨ ਹੈ । ਸਾਡੀ ਅਗਿਆਨਤਾ ਹੀ ਸਾਡੇ ਅੰਦਰ ਦੋਸ਼ ਦੇਣ ਦਾ ਸੁਭਾਅ ਬਣਾ ਦਿੰਦੀ ਹੈ । ਹਉਂ-ਕੇਂਦ੍ਰਿਤ ਅਜਿਹਾ ਮਨੁੱਖ ਹਮੇਸ਼ਾ ਆਪਣੀ ਮੰਦਭਾਗਤਾ ਲਈ ਦੂਜਿਆਂ ਨੂੰ ਜ਼ੁੰਮੇਵਾਰ ਠਹਿਰਾ ਦਿੰਦਾ ਹੈ ਅਤੇ ਆਪ ਇਸ ਅਵੱਸਥਾ ਲਈ ਮੁਕਤ ਹੋ ਗਿਆ ਸਮਝਦਾ ਹੈ :

*ਬੀਰਾ ਆਪਨ ਬੁਰਾ ਮਿਟਾਵੈ ॥*
*ਤਾਹੂ ਬੁਰਾ ਨਿਕਟਿ ਨਹੀ ਆਵੈ ॥*
*ਬਾਧਿਓ ਆਪਨ ਹਉ ਹਉ ਬੰਧਾ ॥*
*ਦੋਸੁ ਦੇਤ ਆਗਹ ਕਉ ਅੰਧਾ ॥*
(ਪੰਨਾ ੨੫੮)

ਗੱਲ ਅਸਲ ਵਿੱਚ ਇਥੋਂ ਆਰੰਭ ਹੁੰਦੀ ਹੈ । ਅਸੀਂ ਦੂਜਿਆਂ ਨਾਲ ਦੁਰਵਿਵਹਾਰ ਕਰਦੇ, ਆਪਣੇ ਨਾਲ ਚੰਗੇ ਵਿਵਹਾਰ ਦੀ ਆਸ ਬਣਾ ਲੈਂਦੇ ਹਾਂ । ਸ੍ਵੈ ਨੂੰ ਨਾ ਚੀਣਨ ਦੀ ਰੁਚੀ ਅੰਦਰਲੇ ਵਿਕਾਰਾਂ ਅਥਵਾ ਕਮਜ਼ੋਰੀਆਂ ਨੂੰ ਵਧਾਈ ਜਾਂਦੀ ਹੈ । ਜੀਵਨ ਪ੍ਰਤੀ ਨਕਾਰਾਤਮਕ ਦ੍ਰਿਸ਼ਟੀ ਉਭਰਨੀ ਸ਼ੁਰੂ ਹੋ ਜਾਂਦੀ ਹੈ । ਸਮਾਜ, ਦੁਨੀਆਂ, ਪ੍ਰਕ੍ਰਿਤੀ ਸਭ ਆਪਣੇ ਵਿਰੋਧੀ ਭਾਸਣ ਲੱਗ ਜਾਂਦੇ ਹਨ ਅਤੇ ਜੀਵਨ ਵਿੱਚ ਸਹਾਈ ਹੋਣ ਦੀ ਥਾਂ ਜੀਵਨ ਦੇ ਸਹਿਜ ਪ੍ਰਵਾਹ ਵਿੱਚ ਰੁਕਾਵਟ ਦਿਸਣ ਲੱਗ ਜਾਂਦੇ ਹਨ । ਵਧਦੀ ਵਧਦੀ ਇਹ ਰੁਚੀ ਮਨੁੱਖ ਨੂੰ ਢਹਿੰਦੀਆਂ ਕਲਾਂ ਵੱਲ ਧੱਕ ਦਿੰਦੀ ਹੈ । *'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ'* ਵਾਲੀ ਗੱਲ ਨਿਰਾਰਥਕ ਤੇ ਥੋਥੀ ਭਾਸਣ ਲੱਗ ਪੈਂਦੀ ਹੈ । ਇਥੋਂ ਤੱਕ ਕਿ ਰੱਬ ਵੀ ਆਪਣਾ ਵੈਰੀ ਦਿਸਣ ਲੱਗ ਪੈਂਦਾ ਹੈ ਜੋ ਬਾਕੀਆਂ ਨੂੰ ਸਭ ਕੁਝ ਦੇ ਰਿਹਾ ਭਾਸਦਾ ਹੈ ਅਤੇ ਸਾਨੂੰ ਆਪਣੀਆਂ ਬਖਸ਼ਿਸ਼ਾਂ ਤੋਂ ਵਾਂਝਿਆਂ ਹੀ ਰੱਖਦਾ ਹੈ । ਅਸੀਂ ਇਥੋਂ ਤੱਕ ਕਹਿਣ ਤੋਂ ਵੀ ਨਹੀਂ ਝਿਜਕਦੇ ਕਿ ਸਾਡੀ ਵਾਰੀ ਆਉਣ ਤੱਕ ਰੱਬ ਕੋਲ ਸਾਨੂੰ

ਕੁਝ ਦੇਣ ਲਈ ਰਿਹਾ ਹੀ ਨਹੀਂ ਸੀ । ਆਪਣੀਆਂ ਕਮਜ਼ੋਰੀਆਂ ਤੋਂ ਅੱਖਾਂ ਮੀਟਣ ਦੀ ਇਹ ਆਦਤ ਮਨੁੱਖ ਦੇ ਆਤਮ ਵਿਕਾਸ ਨੂੰ ਬਿਲਕੁਲ ਬੰਦ ਕਰ ਦਿੰਦੀ ਹੈ ਅਤੇ ਉਹ ਸੰਸਾਰਕ ਝਮੇਲਿਆਂ ਵਿੱਚ ਫਸਿਆ ਹੀ ਇਸ ਅਮੋਲਕ ਜੀਵਨ ਨੂੰ ਅਜਾਈਂ ਗਵਾ ਦਿੰਦਾ ਹੈ ।

ਜੇ ਸਾਡੇ ਬੱਚੇ, ਮਿੱਤਰ, ਸਾਕ-ਸਬੰਧੀ, ਨਿਕਟਵਰਤੀ ਸਾਡੇ ਨਾਲ ਅਜਿਹਾ ਵਰਤਾਉ ਨਹੀਂ ਕਰਦੇ ਜਿਹਾ ਕਿ ਅਸੀਂ ਉਨ੍ਹਾਂ ਤੋਂ ਕੀਤੇ ਜਾਣ ਦੀ ਆਸ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਨੂੰ ਕੋਸਦੇ ਹਾਂ । ਇੰਜ ਕਰਦੇ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਿਸ ਮਾਇਆ ਮੋਹ ਦੇ ਬੱਧੇ ਅਸੀਂ ਉਨ੍ਹਾਂ ਤੋਂ ਉਮੀਦਾਂ ਲਾਈ ਬੈਠੇ ਹੁੰਦੇ ਹਾਂ ਉਸੇ ਮਾਇਆ ਨਾਲ ਉਹ ਵੀ ਆਪਣੇ ਬੱਚਿਆਂ ਤੇ ਹੋਰਨਾਂ ਨਾਲ ਬੱਝੇ ਪਏ ਹਨ । ਜੋ ਕਮਜ਼ੋਰੀਆਂ ਸਾਨੂੰ ਜਕੜੀ ਬੈਠੀਆਂ ਹਨ ਉਨ੍ਹਾਂ ਨੇ ਉਨ੍ਹਾਂ ਨੂੰ ਵੀ ਨੂੜਿਆ ਹੋਇਆ ਹੈ । ਸ੍ਰੀ ਗੁਰੂ ਅਰਜਨ ਸਾਹਿਬ ਜੀ ਗਉੜੀ ਰਾਗ ਵਿੱਚ ਆਪਣੀ ਰਚਨਾ 'ਬਾਵਨ ਅਖਰੀ' ਵਿੱਚ ਇਸੇ ਤੱਥ ਨੂੰ ਉਘਾੜ ਰਹੇ ਹਨ ਜਦੋਂ ਆਪ ਫਰਮਾਉਂਦੇ ਹਨ:

*ਦੋਸੁ ਨਹੀ ਕਾਹੂ ਕਉ ਮੀਤਾ ॥*
*ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥(੨੫੭)*

ਆਪਣੀ ਕਿਸਮਤ/ਭਾਗਾਂ ਨੂੰ ਕੋਸਦੇ ਅਸੀਂ ਆਪਣੇ ਹਰ ਦੁੱਖ, ਹਰ ਮੁਸੀਬਤ, ਸਭ ਤਰ੍ਹਾਂ ਦੀਆਂ ਖਾਹਿਸ਼ਾਂ ਦੀ ਅਪੂਰਤੀ ਦਾ ਜ਼ਿੰਮੇਵਾਰ ਵਿਧਾਤਾ/ਰੱਬ ਨੂੰ ਬਣਾ ਦਿੰਦੇ ਹਾਂ ਕਿ ਉਸ ਨੇ ਇਸ ਮਨੁੱਖਾ ਜੀਵਨ ਦੇ ਰੂਪ ਵਿੱਚ ਨਾਮ ਰੂਪੀ ਅੰਮ੍ਰਿਤ ਦੀ ਬਖਸ਼ਿਸ਼ ਕਰ ਸਾਨੂੰ ਇੱਕ ਅਵਸਰ ਦਿੱਤਾ ਸੀ ਆਤਮ ਵਿਕਾਸ ਲਈ, ਅਸੀਂ ਇਸ ਅੰਮ੍ਰਿਤ ਦੀ ਸੰਭਾਲ ਨਾ ਕੀਤੀ ਤੇ ਇਹ ਹੱਥੋਂ ਸਰਕ ਕੇ ਧਰਤੀ 'ਤੇ ਡਿੱਗ ਪਿਆ । ਇਸ ਅਮੋਲਕ ਵਸਤੂ ਦਾ ਮੁੱਲ ਨਾ ਸਮਝਦਿਆਂ, ਇਸ ਦੀ ਕਦਰ ਨਾ ਕਰ, ਅਸੀਂ ਇਹ ਮੌਕਾ ਖੁੰਝਾ ਦਿਤਾ ਤੇ ਹੁਣ ਉਲਾਮ੍ਹੇ ਰੱਬ ਨੂੰ ਦੇਈ ਜਾ ਰਹੇ ਹਾਂ । ਗੁਰੂ ਜੀ ਸਾਡੀ ਇਸੇ ਸਥਿਤੀ ਨੂੰ ਚਿਤਰ ਰਹੇ ਹਨ, ਜਦੋਂ ਆਪ ਫੁਰਮਾ ਰਹੇ ਹਨ :

*ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥*
*ਖਿਸਰਿ ਗਇਓ ਭੂਮ ਪਰਿ ਡਾਰਿਓ ॥*
*ਸਾਦਿ ਮੋਹਿ ਲਾਦੀ ਅਹੰਕਾਰੇ ॥*
*ਦੋਸੁ ਨਾਹੀ ਪ੍ਰਭ ਕਰਣੈਹਾਰੇ ॥*
(ਪੰਨਾ ੩੮੯)

ਗੁਰੂ ਸਾਹਿਬ ਵਾਰ ਵਾਰ ਸਾਨੂੰ ਇਸ ਮਾਮੂਲੀ ਜਿਹੀ ਲਗਦੀ ਪਰ ਬੜੀ ਵੱਡੀ ਮਨੁੱਖੀ ਕਮਜ਼ੋਰੀ ਤੋਂ ਚੇਤੰਨ ਕਰਵਾਉਂਦੇ ਤਾਕੀਦ ਕਰਦੇ ਹਨ :

*ਦੋਸੁ ਨ ਕਾਹੂ ਦੀਜੀਐ*
*ਪ੍ਰਭੁ ਅਪਨਾ ਧਿਆਈਐ ॥* (ਪੰਨਾ ੮੦੯)

ਸਾਨੂੰ ਦੋਸ਼ ਦੇਣ ਦੀ ਬਿਰਤੀ ਦਾ ਤਿਆਗ ਕਰ, ਇਸ ਅਮੋਲਕ ਜੀਵਨ ਨੂੰ ਪ੍ਰਭੂ ਸਿਮਰਨ ਵੱਲ ਰੁਚਿਤ ਕਰ ਕਈ ਜਨਮਾਂ ਉਪਰੰਤ ਮਿਲੇ ਇਸ ਅਵਸਰ ਨੂੰ ਸਕਾਰਥ ਬਣਾਉਣਾ ਚਾਹੀਦਾ ਹੈ ।

ਅਸਲ ਵਿੱਚ ਜੇ ਅਸੀਂ ਇੱਕ ਵਾਰੀ ਇਹ ਗੱਲ ਸਪੱਸ਼ਟ ਰੂਪ ਵਿੱਚ ਸਮਝ ਲਈਏ ਕਿ ਜੋ ਕੁਝ ਹੋ ਰਿਹਾ ਹੈ, ਇਕ ਬੱਝਵੇਂ ਨਿਯਮ (ਹੁਕਮ) ਅਨੁਸਾਰ ਹੋ ਰਿਹਾ ਹੈ । ਉਹ ਪ੍ਰਭੂ ਜੋ ਇਸ ਸਾਰੇ ਬ੍ਰਹਿਮੰਡ ਦਾ ਕਰਤਾ ਹੁੰਦਿਆਂ ਹੋਇਆਂ ਇਸ ਵਿੱਚ ਵਿਆਪਕ ਭੁਗਤਾ ਵੀ ਹੈ, ਉਹ ਸਾਡਾ ਪਿਤਾ, ਮਾਤਾ, ਬੰਧਪ, ਭਰਾਤਾ, ਮਿੱਤਰ, ਸਖਾ ਸਭ ਕੁਝ ਹੈ । ਕ੍ਰਿਤ ਨੂੰ, ਬਾਲਕ ਨੂੰ

ਤਕਲੀਫ ਹੋਣ ਤੋਂ ਉਸ ਨੂੰ ਪੁੱਛ ਹੋਣੀ ਹੈ, ਇਸ ਲਈ ਉਹ ਜੋ ਕੁਝ ਕਰਦਾ ਹੈ ਸਾਡੀ ਭਲਾਈ ਲਈ ਕਰਦਾ ਹੈ, ਸਾਡੀ ਬਿਹਤਰੀ ਲਈ ਕਰਦਾ ਹੈ । ਇਥੋਂ ਤਕ ਕਿ ਜੇਕਰ ਕੋਈ ਦੁੱਖ ਵੀ ਮਿਲਦਾ ਹੈ ਜਾਂ ਸਾਨੂੰ ਕਿਸੇ ਬਿਪਦਾ ਵਿਚੋਂ ਲੰਘਣਾ ਪੈਂਦਾ ਹੈ ਤਾਂ ਉਹ ਵੀ ਸਾਡੇ ਲਈ ਦਾਰੂ ਰੂਪ ਵਿੱਚ ਹੀ ਹੁੰਦਾ ਹੈ । ਪਰ ਸਾਡੀਆਂ ਕਰਨੀਆਂ ਕਰਕੇ ਸਾਡਾ ਕੁਝ ਸੁਭਾਅ ਬਣ ਜਾਂਦਾ ਹੈ, ਕੰਮ ਕਰਨ ਦਾ ਅਥਵਾ ਜੀਵਨ ਜਿਊਣ ਦਾ, ਜੀਵਨ ਵਿੱਚ ਵਿਚਰਨ ਦਾ ਇੱਕ ਢੰਗ ਬਣ ਜਾਂਦਾ ਹੈ, ਸੰਸਕਾਰ ਬਣ ਜਾਂਦੇ ਹਨ। ਇਸ ਨੂੰ ਗੁਰਬਾਣੀ ਵਿਚ ਬਹੁਤ ਕਰਕੇ 'ਕਿਰਤ' ਕਿਹਾ ਗਿਆ ਹੈ । ਇਸ 'ਕਿਰਤ' ਦਾ ਨਤੀਜਾ ਅਸੀਂ ਭੋਗਦੇ ਹਾਂ ਤੇ ਭਟਕਦੇ ਫਿਰਦੇ ਹਾਂ :

*ਦਿਨੁ ਰੈਨਿ ਅਪਨਾ ਕੀਆ ਪਾਈ ॥*
*ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥*

(ਪੰਨਾ ੭੪੫)

ਇਹੀ ਨਿਰਣਾ ਗੁਰੂ ਸਾਹਿਬ ਵੇਰਵੇ-ਸਹਿਤ ਵਿਚਾਰ ਉਪਰੰਤ ਲੈ ਰਹੇ ਹਨ :

*ਅੰਤਰਿ ਮੈਲੁ ਤੀਰਥ ਭਰਮੀਜੈ ॥*
*ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥*
*ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥*

(ਪੰਨਾ ੯੦੫)

ਦੋਸ਼ ਉਹ ਦਿੰਦੇ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਪੂਰਾ ਸਮਰਪਣ ਨਹੀਂ ਕੀਤਾ, ਜਿਨ੍ਹਾਂ ਨੇ ਹੁਕਮੀ ਦੇ ਹੁਕਮ ਅਨੁਸਾਰ ਚੱਲਣਾ ਨਹੀਂ ਸਿਖਿਆ । ਇਹ ਸੰਸਾਰ ਉਸ ਦੀ ਖੇਡ ਹੈ, ਬਾਜੀ ਹੈ, ਅਸੀਂ ਨਰਦਾਂ ਹਾਂ, ਉਹ ਆਪਣੇ ਹੁਕਮ ਅਨੁਸਾਰ ਇਸ ਖੇਡ ਨੂੰ ਖੇਡ ਰਿਹਾ ਹੈ। ਅਸੀਂ ਸੰਸਾਰ ਨੂੰ ਤਾਂ ਧੋਖਾ ਦੇ ਸਕਦੇ ਹਾਂ, ਆਪਣਾ ਅਸੀਂ ਰੂਪ ਉਸ ਤੋਂ ਲੁਕੋ ਸਕਦੇ ਹਾਂ (ਭਾਵੇਂ ਥੋੜ੍ਹੇ ਸਮੇਂ ਲਈ ਹੀ) ਪਰ ਉਸ ਪ੍ਰਭੂ ਤੋਂ ਨਹੀਂ । ਆਪਣੇ ਅੰਤਰ-ਆਤਮੇ ਤੋਂ ਨਹੀਂ । ਰਾਮਕਲੀ ਰਾਗ ਦੀ ਵਾਰ ਵਿਚਲੇ ਇੱਕ ਸਲੋਕ ਵਿੱਚ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਡੇ ਦੋਗਲੇਪਨ ਦਾ ਬਹੁਤ ਸੁਹਣਾ ਚਿਤਰ ਖਿੱਚਿਆ ਹੈ :

*ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥ ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥ ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥ ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥ ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ ॥ ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥ ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ ॥ ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਞੁ ਲਖਾਵੈ ॥*

ਤੇ ਨਿਰਣਾ ਕੀਤਾ ਹੈ :

*ਜਿਤੁ ਕੋ ਲਾਇਆ ਤਿਤ ਹੀ ਲਾਗਾ ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥*

(ਪੰਨਾ ੯੬੦)

'ਜਿਤੁ ਕੋ ਲਾਇਆ' ਦਾ ਭਾਵ ਭਾਗਾਂ ਜਾਂ ਕਿਸੇ ਪੂਰਬਲੀ ਲਿਖੀ ਕਿਸਮਤ ਨਹੀਂ ਸਗੋਂ ਕਿਰਤ ਅਰਥਾਤ ਕੀਤੇ ਕਰਮਾਂ ਕਰਕੇ ਸੰਸਕਾਰ ਬਣੇ ਹਨ । ਜੀਵ ਆਪਣੀ ਕਰਨੀ (ਕਰਮ) ਕਰਕੇ ਹੀ ਜਨਮ-ਮਰਨ ਦੇ ਗੇੜ ਵਿੱਚ ਭਟਕਦਾ ਫਿਰਦਾ ਹੈ ਤੇ ਦੋਸ਼ ਕਿਸੇ ਦੂਜੇ ਦੇ ਸਿਰ ਥੱਪਦਾ ਹੈ :

*ਕਿਸ ਕਉ ਦੋਸੁ ਦੇਹਿ ਤੂੰ ਪ੍ਰਾਣੀ*
*ਸਹੁ ਅਪਣਾ ਕੀਆ ਕਰਾਰਾ ਹੇ ॥*
*ਹਉਮੈ ਮਮਤਾ ਕਰਦਾ ਆਇਆ ॥*
*ਆਸਾ ਮਨਸਾ ਬੰਧਿ ਚਲਾਇਆ ॥*

*ਮੇਰੀ ਮੇਰੀ ਕਰਤ ਕਿਆ ਲੇ ਚਾਲੇ*
*ਬਿਖੁ ਲਾਦੇ ਛਾਰ ਬਿਕਾਰਾ ਹੇ ॥*
(ਪੰਨਾ ੧੦੩੦-੩੧)

ਭਗਤ ਕਬੀਰ ਜੀ ਨੇ ਵੀ ਸਾਡੇ ਪਾਖੰਡ ਅਥਵਾ ਦੋ ਉਲਟ ਰੂਪਾਂ ਦਾ ਸੁਹਣਾ ਚਿੱਤਰ ਖਿੱਚਿਆ ਹੈ ਜਦੋਂ ਉਹ ਕਹਿੰਦੇ ਹਨ ਕਿ ਦਿਲ ਵਿੱਚ ਦ੍ਵੈਤ ਕਰਕੇ ਖਲਬਲੀ ਹੈ, ਨਤੀਜੇ ਵਜੋਂ ਮੂੰਹ ਦਾ ਰੰਗ ਪੀਲਾ ਪਿਆ ਹੈ। ਧਰਮ ਦੇ ਦੱਸੇ ਨੈਤਿਕ ਨਿਯਮਾਂ ਦੀ ਰੱਜ ਕੇ ਉਲੰਘਣਾ ਕਰਦਾ ਹੈ । ਪੂਰਨ ਸ਼ੈਤਾਨੀਅਤ ਵਾਲੇ ਕੰਮ ਕਰਦਾ ਹੈ ਤੇ ਫਿਰ ਫਲ ਭੋਗਣ ਲੱਗਿਆਂ ਲੋਕਾਂ ਨੂੰ ਦੋਸ਼ ਦਿੰਦਾ ਹੈ ਤੇ ਹੋਰਨਾਂ ਤੇ ਗੁੱਸਾ ਕੱਢਦਾ ਹੈ :

*ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥*
*ਛੋਡਿ ਕਤੇਬ ਕਰੈ ਸੈਤਾਨੀ ॥*
*ਦੁਨੀਆ ਦੋਸੁ ਰੋਸੁ ਹੈ ਲੋਈ ॥*
*ਅਪਨਾ ਕੀਆ ਪਾਵੈ ਸੋਈ ॥*
(ਪੰਨਾ ੧੧੬੧)

ਦੋਸ਼ ਦੇਣ ਵਾਲੇ ਦੀ ਅਸਲ ਸਥਿਤੀ ਹੈ:

*ਆਪਿ ਕੁਚਜੀ ਦੋਸੁ ਨ ਦੇਊ*
*ਜਾਣਾ ਨਾਹੀ ਰਖੇ ॥* (ਪੰਨਾ ੧੧੭੧)

ਸਾਰੀ ਵਿਚਾਰ ਦਾ ਨਿਆਏਂਯੁਕਤ ਨਿਰਣਾ ਇਹ ਹੈ ਕਿ ਇਹ ਸਾਰੀ ਸ੍ਰਿਸ਼ਟੀ ਉਸ ਅਕਾਲ ਪੁਰਖ ਦੀ ਰਚਨਾ ਹੈ । ਉਹ ਆਪ ਇਸ ਵਿੱਚ ਵਿਦਮਾਨ ਹੈ । ਉਹ ਕਰਤਾ ਵੀ ਹੈ ਤੇ ਭੁਗਤਾ ਵੀ । ਸਭ ਕੁਝ ਇਕ ਹੁਕਮ ਵਿੱਚ ਚੱਲ ਰਿਹਾ ਹੈ । ਜੀਵ ਦਾ ਰੋਸ ਤੇ ਦੋਸ਼ ਉਸ ਦੀ ਅਗਿਆਨਤਾ ਦਾ ਲਖਾਇਕ ਹੈ । ਅਸਲ ਵਿੱਚ ਉਹ ਜੋ ਭੋਗ ਰਿਹਾ ਹੈ, ਜੋ ਉਸ ਨਾਲ ਵਾਪਰ ਰਿਹਾ ਹੈ, ਇਹ ਉਸ ਦੀ ਆਪਣੀ ਕਰਨੀ ਦਾ ਫਲ ਹੈ । ਇਹ ਮਨੁੱਖੀ ਸੁਭਾਅ ਹੈ ਕਿ ਉਹ ਕਰਦਾ ਕੁਝ ਹੈ ਤੇ ਭਾਲਦਾ ਕੁਝ ਹੈ । ਉਸ ਦੀ ਦੋਸ਼ ਲਾਉਣ ਦੀ ਬਿਰਤੀ ਉਸ ਅੰਦਰ ਸ੍ਵੈਵਿਸ਼ਵਾਸ ਦੀ ਘਾਟ, ਹੀਣਤਾ ਭਾਵ, ਵਾਸਤਵਿਕਤਾ ਦਾ ਸਾਹਮਣਾ ਕਰਨ ਦੇ ਸਾਹਸ ਦੀ ਘਾਟ ਤੋਂ ਉਪਜੀ ਹੈ, ਉਸ ਅੰਦਰ ਪ੍ਰਭੂ ਭਰੋਸੇ ਦੀ ਘਾਟ ਜਾਂ ਵਿਸ਼ਵਾਸ-ਹੀਣਤਾ ਤੋਂ ਉਪਜੀ ਹੈ । ਸਤਿਗੁਰੂ ਜੀ ਸਾਨੂੰ ਚੰਗੇ ਕਰਮ ਕਰਨ ਦੀ ਪ੍ਰੇਰਨਾ ਕਰਦੇ, ਦੋਸ਼ ਦੇਣ ਤੋਂ ਹਟਕਦੇ ਹਨ ਤੇ ਅਸਲੀਅਤ ਦਾ ਗਿਆਨ ਦੇ ਰਹੇ ਹਨ :

*ਕਤਿਕਿ ਕਰਮ ਕਮਾਵਣੇ*
*ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ*
*ਵਿਆਪਨਿ ਸਭੇ ਰੋਗ ॥*
(ਪੰਨਾ ੧੩੫)

♦

---

(ਸਫਾ ੨੨ ਦੀ ਬਾਕੀ)

ਮਾਰਗ-ਦਰਸ਼ਨ ਕਰ ਰਹੀ ਹੈ ਅਤੇ ਕਰਦੀ ਰਹੇਗੀ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਦੇ ਪਾਵਨ ਚੌਗਿਰਦੇ ਨੂੰ ਸਿੰਘ ਸਾਹਿਬ ਜੱਥੇਦਾਰ ਬਾਬਾ ਕੁਲਵੰਤ ਸਿੰਘ ਜੀ ਅਤੇ ਤਖ਼ਤ ਸੱਚਖੰਡ ਸਾਹਿਬ ਦੇ ਪ੍ਰਸ਼ਾਸਕ ਡਾ. ਪਰਵਿੰਦਰ ਸਿੰਘ ਪਸਰੀਚਾ ਜੀ ਅਤੇ ਉਨ੍ਹਾਂ ਦੇ ਸਾਰੇ ਸਹਿਯੋਗੀਆਂ ਨੇ ਜਿਸ ਸ਼ਿਦਤ ਅਤੇ ਰੁਚੀ ਨਾਲ ਸੁਸਜਿਤ ਕੀਤਾ ਹੈ, ਉਹ ਲਾਸਾਨੀ ਹੈ, ਅਦੁੱਤੀ ਹੈ। ਉਨ੍ਹਾਂ ਦੀ ਇਸ ਸੇਵਾ ਨਾਲ ਤਖ਼ਤ ਸਾਹਿਬ ਦਾ ਸਾਰਾ ਵਾਤਾਵਰਣ ਅਗੰਮੀ ਫ਼ਰਮਾਨ ਨਾਲ ਪੂਰਿਆ ਗਿਆ ਹੈ—

***ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ***

( ਸਮਾਪਤ )

# ਨਿਸ਼ਾਨ ਸਾਹਿਬ

- ਗਿ: ਦਰਬਾਰਾ ਸਿੰਘ *

ਹਰ ਕੌਮ ਦੇਸ਼ ਦੀ ਵਿਲੱਖਣਤਾ ਅਤੇ ਹੋਂਦ ਦਾ ਪ੍ਰਤੀਕ ਉਸਦਾ ਆਪਣਾ ਝੰਡਾ ਜਾਂ ਨਿਸ਼ਾਨ ਹੁੰਦਾ ਹੈ ਜਿਸ ਤੋਂ ਕੌਮ ਜਾਂ ਦੇਸ਼ ਦੇ ਹੋਂਦ ਦੀ ਪਹਿਚਾਣ ਹੁੰਦੀ ਹੈ। ਸਿੱਖ ਕੌਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਨਿਰਮਾਣ ਹੋਈ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਵਾਲੇ ਦਿਨ ਖਾਲਸਾ ਸਰੂਪ ਦੇ ਕੇ ਸੰਪੂਰਨਤਾ ਦੀ ਮੋਹਰ ਲਾ ਦਿੱਤੀ।

ਸਿੱਖ ਕੌਮ ਦਾ ਨਿਸ਼ਾਨ ਸਾਹਿਬ ਕੇਸਰੀ ਰੰਗ ਦਾ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਤੇ ਖੜਗ ਭਾਵ (ਖੰਡੇ) ਦਾ ਚਿੰਨ੍ਹ ਹੋਇਆ ਕਰਦਾ ਹੈ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ ਸਮੇਂ ਦੇ ਬਾਦਸ਼ਾਹ ਜਹਾਂਗੀਰ ਪਾਸੋਂ ਕੱਟੜ ਧਾਰਮਿਕ ਆਗੂਆਂ ਨੇ ਹੁਕਮ ਜਾਰੀ ਕਰਵਾ ਦਿੱਤਾ ਕਿ ਹੁਕਮਰਾਨ ਮੁਗਲ (ਮੁਸਲਮਾਨ) ਕੌਮ ਤੋਂ ਬਗੈਰ ਦੂਸਰੀ ਕੋਈ ਵੀ ਕੌਮ, ਘੋੜ ਸਵਾਰੀ ਨਹੀਂ ਕਰ ਸਕਦੀ, ਤਲਵਾਰ, ਕਲਗੀ, ਨਗਾਰਾ, ਨਿਸ਼ਾਨ (ਝੰਡਾ) ਆਦਿ ਨਹੀਂ ਰੱਖ ਸਕਦੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਦਿੱਲੀ ਦੇ ਸ਼ਾਹੀ ਤਖ਼ਤ ਦੇ ਬਰਾਬਰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਐਨ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ ਤੇ ਦੋ ਨਿਸ਼ਾਨ ਸਾਹਿਬ ਝੁਲਾਏ ਗਏ ਜੋ ਅੱਜ ਵੀ ਝੂਲ ਰਹੇ ਹਨ। ਜਿਵੇਂ ਬੰਦਰਗਾਹ ਤੇ ਲਾਈਟ ਹਾਊਸ ਹੁੰਦਾ ਹੈ, ਜੋ ਸਮੁੰਦਰੀ ਜਹਾਜ ਦੇ ਪਹੁੰਚਣ ਦਾ ਟਿਕਾਣਾ ਦਰਸਾਉਂਦਾ ਹੈ। ਜਹਾਜ ਦਾ ਕਪਤਾਨ ਉਸ ਲਾਈਟ ਨੂੰ ਦੇਖਕੇ ਆਪਣੀ ਮੰਜ਼ਿਲ ਉਪਰ ਪਹੁੰਚਣ ਲਈ ਜਹਾਜ ਦਾ ਰੁਖ ਉਸ ਵੱਲ ਕਰਕੇ ਉਸ ਟਿਕਾਣੇ ਤੇ ਪਹੁੰਚ ਜਾਂਦਾ ਹੈ। ਏਸੇ ਤਰ੍ਹਾਂ ਹੀ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਦੂਰੋਂ ਦੇਖਕੇ ਗੁਰੂ ਘਰ ਦਾ ਪ੍ਰੇਮੀ ਸਮਝ ਜਾਂਦਾ ਹੈ ਕਿ ਗੁਰਦੁਆਰਾ ਇਸ ਤਰਫ ਹੈ ਅਤੇ ਸਾਡੀ ਮੰਜਲੇ ਮਕਸੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਸ ਦੇ ਦਰਸ਼ਨ ਦੀਦਾਰੇ ਕਰਨੇ ਹਨ ਏਥੇ ਹਾਜਰ ਨਾਜਰ ਹਨ। ਗੁਰੂ ਕਾ ਸਿੱਖ ਗੁਰਦੁਆਰਾ ਸਾਹਿਬ ਪਹੁੰਚਕੇ ਜਿਥੇ ਆਤਮਕ ਖੁਰਾਕ ਅਥਵਾ ਗਿਆਨ ਭੋਜਨ ਹਾਸਲ ਕਰਕੇ ਆਪਣਾ ਜਨਮ ਸਫਲਾ ਕਰਦਾ ਹੈ ਉਥੇ ਗੁਰੂ ਕਾ ਲੰਗਰ ਛਕ ਕੇ ਤ੍ਰਿਪਤ ਹੁੰਦਾ ਹੈ। ਗੁਰੂ ਘਰ ਦੀ ਲੰਗਰ ਪਰੰਪਰਾ ਨੇ ਸੰਸਾਰ ਦੇ ਇਤਿਹਾਸ ਵਿੱਚ ਸਿੱਖ ਪੰਥ ਦੀ ਇੱਕ ਵੱਖਰੀ ਪਹਿਚਾਣ ਬਣਾਉਂਣ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਦੁਨੀਆਂ ਭਰ ਦੇ ਗੁਰੂ ਘਰਾਂ ਵਿੱਚ ਚਲ ਰਹੀ ਇਹ ਮਹਾਨ ਲੰਗਰ ਪਰੰਪਰਾ ਅੱਜ ਵੀ ਸਰਬਸਾਂਝੀਵਾਲਤਾ ਦਾ ਸੰਦੇਸ਼ ਲੁਕਾਈ ਨੂੰ ਨਿਰੰਤਰ ਵੰਡ ਰਹੀ ਹੈ।

♦

* ਮੈਨੇਜਰ, ਗੁ: ਸ੍ਰੀ ਨਾਨਕ ਝੀਰਾ ਸਾਹਿਬ, ਬਿਦਰ (ਕਰਨਾਟਕਾ)

# ਵਡਿਆਈ ਵੀਚਾਰੁ

– ਸ: ਗੁਰਦੀਪ ਸਿੰਘ *

ਸਿੱਖ ਧਰਮ ਦਾ ਸਿਧਾਂਤ ਮੂਲ ਵਿੱਚ ਪਹਿਲਾਂ ਸਮਾਜਕ ਹੈ ਤੇ ਫਿਰ ਅਧਿਆਤਮਕ। ਜੇ ਅਜਿਹਾ ਨਾ ਹੁੰਦਾ ਤਾਂ ਸਿੱਖ ਗੁਰੂਆਂ ਨੇ ਗ੍ਰਿਹਸਤ ਮਾਰਗ ਨੂੰ ਉਤਮ ਮਾਰਗ ਦਾ ਦਰਜਾ ਨਾ ਦਿੱਤਾ ਹੁੰਦਾ । ਇਸ ਲਈ ਸਿੱਖ ਧਰਮ ਦਾ ਮੂਲ ਆਧਾਰ ਇਸ ਦਾ ਸਮਾਜਕ ਗੁਣ ਹੈ । ਸਿੱਖ ਵਿਚਾਰਧਾਰਾ ਵਿਚ ਕਿਸੇ ਵੀ ਐਸੀ ਪਰੰਪਰਾ ਨੂੰ ਕੋਈ ਮਾਨਤਾ ਨਹੀਂ ਹੈ ਜੋ ਸਮਾਜਕ ਤੌਰ 'ਤੇ ਪਰਵਾਨ ਨਹੀਂ ਸੀ । ਇਸ ਦਾ ਹਰ ਸੰਕਲਪ ਪਰਵਾਰ, ਗ੍ਰਿਹਸਤ ਦੇ ਘੇਰੇ ਵਿੱਚ ਹੀ ਰਹਿ ਕੇ ਉਲੀਕਿਆ ਗਿਆ ਹੈ । ਸੰਨਿਆਸ ਦੀ ਕੋਈ ਮਹਾਨਤਾ ਨਹੀਂ ਹੈ, ਸਮਾਜ ਤੋਂ ਬਾਹਰ ਰਹਿ ਕੇ ਰੱਬ ਭਗਤੀ ਦਾ ਸੰਕਲਪ ਮੂਲ ਰੂਪ ਵਿੱਚ ਹੀ ਨਿੰਦਿਆ ਗਿਆ ਹੈ । ਜੋ ਮਹਾਂਪੁਰਸ਼ ਇਸ ਦੁਨੀਆਂ ਨੂੰ ਨਾਸ਼ਵਰ ਦੱਸ ਕੇ ਇਸ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ, ਉਨ੍ਹਾਂ ਦੀ ਸਿੱਖ ਮੱਤ ਵਿੱਚ ਕੋਈ ਥਾਂ ਨਹੀਂ । ਕਿਉਂਕਿ ਕੋਈ ਵੀ ਸਮਾਜ ਅਨੈਤਿਕ ਕਦਰਾਂ- ਕੀਮਤਾਂ ਦੇ ਨਾਲ ਨਹੀਂ ਸਿਰਜਿਆ ਜਾ ਸਕਦਾ, ਇਸ ਲਈ ਗੁਰਬਾਣੀ ਦਾ ਮੂਲ ਆਧਾਰ ਨੈਤਿਕਤਾ ਹੈ । ਪਰ ਇਹ ਨੈਤਿਕਤਾ ਕਿਹੋ ਜਿਹੀ ਹੋਣੀ ਚਾਹੀਦੀ ਹੈ ? ਜੇ ਸੰਸਾਰ ਇਤਿਹਾਸ ਉਪਰ ਇੱਕ ਝਾਤ ਮਾਰੀ ਜਾਵੇ ਤਾਂ ਇਹ ਸਮਝ ਆਉਂਦਾ ਹੈ ਕਿ ਸਮਾਜ ਸਦਾ ਤਾਕਤਵਰ ਦਾ ਸਾਥ ਦਿੰਦਾ ਹੈ ਤੇ ਹਮੇਸ਼ਾ ਜੋਰਾਵਰ ਦੀਆਂ ਕਦਰਾਂ-ਕੀਮਤਾਂ ਨੂੰ ਹੀ ਪ੍ਰਵਾਨ ਕੀਤਾ ਜਾਂਦਾ ਹੈ । ਪਰ ਸਿੱਖ ਗੁਰੂ ਸਾਹਿਬਾਨ ਨੇ ਇੱਕ ਐਸੀ ਸੋਚ ਸਥਾਪਤ ਕੀਤੀ ਜਿਸ ਰਾਹੀਂ ਅਜਿਹੀਆਂ ਕਦਰਾਂ-ਕੀਮਤਾਂ ਉਪਰ ਅਧਾਰਤ ਸਮਾਜ ਦੀ ਸਿਰਜਣਾ ਦਾ ਸੰਕਲਪ ਉਸਾਰਿਆ, ਜਿਨ੍ਹਾਂ ਦੇ ਆਸਰੇ ਪੂਰੀ ਪ੍ਰਕਿਰਤੀ ਚੱਲਦੀ ਹੈ, ਪੂਰੀ ਦੁਨੀਆਂ ਜੀਊਂਦੀ ਹੈ। ਇਨ੍ਹਾਂ ਕਦਰਾਂ-ਕੀਮਤਾਂ ਉਪਰ ਆਧਾਰਤ ਸਿੱਖੀ ਜੀਵਨ-ਜਾਚ ਦੀ ਸਥਾਪਨਾ ਕੀਤੀ ।

* ੮੩/੧੪,ਸੁਭਾਸ਼ ਕਲੋਨੀ, ਜ਼ੀਰਾ
(ਫਿਰੋਜ਼ਪੁਰ) ੧੪੨੦੪੭ ਪੰਜਾਬ

ਇਹ ਜੀਵਨ-ਜਾਚ ਕੀ ਹੈ ? ਇਹ ਨੈਤਿਕਤਾ ਕੀ ਹੈ? ਗੁਰਬਾਣੀ ਦਾ ਅਧਿਐਨ ਕਰਨ ਨਾਲ ਜੋ ਜੀਵਨ-ਜਾਚ ਸਾਡੇ ਸਾਹਮਣੇ ਨਜ਼ਰ ਆਉਂਦੀ ਹੈ, ਉਹ ਹੀ ਸਿੱਖ ਫਿਲਾਸਫੀ ਹੈ । ਗੁਰੂ ਕਥਨ ਹੈ – 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।।' ਇਹ ਹੁਕਮ ਰਜਾਈ ਚੱਲਣਾ ਹੀ ਸਿੱਖ ਧਰਮ ਦੀ ਫਿਲਾਸਫੀ ਹੈ । ਦੂਜੇ ਸ਼ਬਦਾਂ ਵਿੱਚ ਸਿੱਖ ਧਰਮ ਦੀ ਫਿਲਾਸਫੀ ਤਾਂ ਸੱਚਾ-ਸੁੱਚਾ ਜੀਵਨ ਢੰਗ ਹੈ । ਸੱਚੇ ਤੇ ਸੁੱਚੇ ਹੋਣ ਲਈ ਕਿਸੇ ਤੀਰਥ ਇਸ਼ਨਾਨ ਦੀ ਲੋੜ ਨਹੀਂ, ਤਨ ਮਨ ਦੀ ਸ਼ੁੱਧੀ ਲਈ ਕਿਸੇ ਪੂਜਾ ਜਾਂ ਵਿਧੀ ਦੀ ਜ਼ਰੂਰਤ ਨਹੀਂ ਸਗੋਂ ਨਿਰਮਲ ਜਲ ਦਾ ਇਸ਼ਨਾਨ ਹੀ ਕਾਫੀ ਹੈ । ਵਾਹਿਗੁਰੂ ਨਾਲ ਜੁੜਨ ਲਈ ਕਿਸੇ ਖਾਸ ਪਾਠ ਵਿਧੀ ਜਾਂ ਵੇਦ ਮੰਤਰਾਂ ਦੀ ਲੋੜ ਨਹੀਂ ਦਰਸਾਈ ਗਈ ਬਲਕਿ ਗੁਰਬਾਣੀ ਨਾਲ, ਗੁਰਬਾਣੀ ਦੇ ਪਾਠ ਨਾਲ ਸਿੱਧਾ ਹੀ ਜੁੜਿਆ ਜਾ ਸਕਦਾ ਹੈ। ਕਿਸੇ ਵਿਚੋਲੇ ਦੀ ਲੋੜ ਨਹੀਂ । ਪਾਠ ਕਰਨ ਲਈ ਵੀ ਗੁਰੂ ਸਾਹਿਬਾਨ ਵੱਲੋਂ ਕੋਈ ਵਿਸ਼ੇਸ਼ ਢੰਗ ਨਹੀਂ ਦਰਜ ਕੀਤਾ ਗਿਆ । ਸਿਰਫ ਇਕ ਮਨ ਇਕ ਚਿਤਿ ਦਾ ਆਦੇਸ਼ ਦਿਤਾ

ਹੈ। ਆਪਣੇ ਰੋਜ਼ਾਨਾ ਦੇ ਕੰਮਾਂ-ਕਾਰਾਂ ਤੋਂ ਵਿਹਲੇ ਤੋਂ ਕੇ ਕਿਸੇ ਸ਼ਾਂਤ ਥਾਂ ਉਪਰ ਗੁਰਬਾਣੀ ਨੂੰ ਮਨ ਚਿੱਤ ਲਗਾ ਕੇ ਪੜ੍ਹਿਆ ਜਾ ਸਕਦਾ ਹੈ।

ਜੇ ਗਾਉਣ ਦੀ ਜਾਚ ਹੈ ਤਾਂ ਗੁਰਬਾਣੀ ਦਾ ਗਾਇਨ ਕੀਤਾ ਜਾ ਸਕਦਾ ਹੈ, ਕਿਉਂਕਿ ਗਾਇਨ ਦੀ ਬਹੁਤ ਮਹੱਤਤਾ ਹੈ, ਜੇਕਰ ਅਜਿਹਾ ਨਾ ਹੁੰਦਾ ਤਾਂ ਗੁਰਬਾਣੀ ਨੂੰ ਰਾਗਾਂ ਵਿੱਚ ਨਾ ਲਿਖਿਆ ਜਾਂਦਾ। ਚੂੰਕਿ ਰਾਗਾਂ ਦੇ ਗਾਇਣ ਦਾ ਸਮਾਂ ਪੂਰਵ ਨਿਸ਼ਚਿਤ ਹੈ, ਸਵੇਰ ਦਾ ਰਾਗ ਸ਼ਾਮ ਦੇ ਰਾਗ ਤੋਂ ਭਿੰਨ ਹੈ, ਇਸ ਲਈ ਰਾਗਾਂ ਮੁਤਾਬਕ ਸ਼ਬਦ ਗਾਇਣ ਦਾ ਸਮਾਂ ਵੀ ਨਿਰਧਾਰਤ ਹੋ ਸਕਦਾ ਹੈ। ਸਵੇਰ ਦੇ ਰਾਗ ਵੱਖਰੀ ਮਾਨਸਿਕ ਅਵਸਥਾ ਨਾਲ ਮੇਲ ਖਾਂਦੇ ਹਨ। ਇਸੇ ਲਈ ਗੁਰਬਾਣੀ ਵਿਚ ਸਵੇਰ ਦੇ ਰਾਗਾਂ ਦੇ ਸ਼ਬਦਾਂ ਦਾ ਵਿਸ਼ਾ ਹੀ ਵੱਖਰਾ ਹੈ। ਰਾਗ ਕਿਉਂਕਿ ਰੂਹ ਦੀ ਖੁਰਾਕ ਸਮਝੇ ਜਾਂਦੇ ਹਨ, ਇਸ ਲਈ ਰਾਗਾਂ ਵਿੱਚ ਗਾਇਆ ਗਿਆ ਗੁਰਬਾਣੀ ਦਾ ਹਰ ਸ਼ਬਦ ਰੂਹ ਤਕ ਪੁੱਜ ਸਕਣ ਦੀ ਸਮਰੱਥਾ ਰੱਖਦਾ ਹੈ। ਉਦਾਹਰਣ ਲਈ ਆਸਾ ਰਾਗ ਸੂਰਜ ਦੇ ਚੜ੍ਹਨ ਅਤੇ ਡੁੱਬਣ ਦੇ ਵੇਲੇ ਦਾ ਰਾਗ ਹੈ। ਇਸ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਆਸਾ ਦੀ ਵਾਰ, ਜਿਸ ਦਾ ਕੀਰਤਨ ਸਵੇਰ ਦੇ ਤੜਕੇ ਹੀ ਹੁੰਦਾ ਹੈ, ਸੁਣ ਕੇ ਰੂਹ ਤਕ ਤਾਜਗੀ ਭਰ ਜਾਂਦੀ ਹੈ। ਸ਼ਾਮ ਵੇਲੇ ਸੋਦਰਿ ਦੇ ਸ਼ਬਦ ਵਿਚੋਂ *'ਸੋ ਦਰੁ ਤੇਰਾ ਕੇਹਾ', 'ਆਖਾ ਜੀਵਾ ਵਿਸਰੈ ਮਰਿ ਜਾਉ'* ਵਰਗੇ ਸ਼ਬਦ ਬੜੀ ਗੰਭੀਰ ਅਵਸਥਾ ਵਾਲੇ ਹਨ। ਇਨ੍ਹਾਂ ਦੇ ਅੰਦਰਲੇ ਵਿਚਾਰ ਦਾ ਇਨ੍ਹਾਂ ਦੀ ਗਾਇਨ ਸ਼ੈਲੀ ਨਾਲ ਡੂੰਘਾ ਸਬੰਧ ਹੈ। ਚੂੰਕਿ ਗਾਇਣ ਦਾ ਆਪਣਾ ਹੀ ਇੱਕ ਅੰਦਾਜ਼ ਹੈ ਤੇ ਰਾਗ ਸ਼ਬਦਾਂ ਵਿਚ ਰੂਹ ਫੂਕ ਦਿੰਦੇ ਹਨ। ਇਸੇ ਲਈ ਗੁਰਬਾਣੀ ਵਿੱਚ ਗਾਉਣ ਤੇ ਸੁਣਨ ਦੀ ਵਿਸ਼ੇਸ਼ ਮਹੱਤਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗਾਉਣਾ ਪਸੰਦ ਹੋਵੇਗਾ, ਇਸੇ ਲਈ ਉਨ੍ਹਾਂ ਆਪਣੇ ਸਾਥੀ ਰਬਾਬੀ ਮਰਦਾਨੇ ਨਾਲ ਮਿਲ ਕੇ ਹਰ ਸ਼ਬਦ ਗਾਇਆ ਤੇ ਸੁਣਿਆ।

ਗੁਰਬਾਣੀ ਚੂੰਕਿ ਕਵਿਤਾ ਵਿੱਚ ਹੀ ਲਿਖੀ ਹੋਈ ਹੈ, ਇਸ ਅੰਦਰ ਵਧੀਆ ਕਲਾਸਕੀ ਸਾਹਿਤ ਵਾਲੇ ਸਾਰੇ ਗੁਣ ਹਨ। ਕਵਿਤਾ ਦਾ ਇਕ ਗੁਣ ਰੂਹ ਦੇ ਆਨੰਦ ਨਾਲ ਵੀ ਜੁੜਦਾ ਹੈ। ਇਸ ਲਈ ਇਹ ਵਿਚਾਰ ਬਿਲਕੁਲ ਠੀਕ ਹੈ ਕਿ ਗੁਰਬਾਣੀ ਦਾ ਆਨੰਦ ਆਉਣਾ ਚਾਹੀਦਾ ਹੈ। ਇਹ ਆਨੰਦ ਦੀ ਉਹ ਅਵਸਥਾ ਹੈ ਜਿਸ ਦਾ ਜ਼ਿਕਰ ਸ੍ਰੀ ਗੁਰੂ ਅਮਰਦਾਸ ਜੀ ਨੇ ਰਾਮਕਲੀ ਰਾਗ ਦੇ 'ਅਨੰਦ' ਸਿਰਲੇਖ ਵਾਲੀ ਬਾਣੀ ਵਿੱਚ ਕੀਤਾ ਹੈ। ਇਸ ਅਨੰਦ ਦੀ ਪ੍ਰਾਪਤੀ ਲਈ ਰਾਗ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ ਤਦੋਂ ਹੀ ਗੁਰਬਾਣੀ ਸਾਡੀ ਰੂਹ ਤਕ ਉਤਰ ਸਕਦੀ ਹੈ।

ਗੁਰਬਾਣੀ ਗਾਉਣ ਤੇ ਸੁਣਨ ਤੋਂ ਬਾਅਦ ਅਗਲੀ ਅਵਸਥਾ ਇਸ ਦੇ ਮੰਨਣ ਦੀ ਹੈ। ਜੋ ਗਾਈ ਜਾਵੇ, ਉਹੋ ਸੁਣੀ ਜਾਵੇ ਅਤੇ ਸੁਣ ਕੇ ਮੰਨੀ ਜਾਵੇ। ਮੰਨਣ ਤੋਂ ਭਾਵ ਸਵੀਕਾਰ ਕਰਨਾ ਨਹੀਂ ਲੈਣਾ ਚਾਹੀਦਾ। ਸਗੋਂ ਇਸ ਦਾ ਭਾਵ ਹੈ ਅਪਨਾਉਣਾ, ਅਮਲ ਕਰਨਾ। ਇਸ ਦੇ ਅਮਲ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ 'ਸੁਭਿ ਅਮਲ' ਕਿਹਾ ਸੀ। ਇਸ ਲਈ ਜੇ ਸ਼ੁਭ ਅਮਲਾਂ ਬਿਨਾਂ ਦੋਨੋਂ ਭਾਵ ਹਿੰਦੂ ਤੇ ਮੁਸਲਮਾਨ ਮਾੜੇ ਹੋ ਸਕਦੇ ਹਨ ਤਾਂ ਇਨ੍ਹਾਂ ਸ਼ੁਭ ਅਮਲਾਂ ਬਿਨਾਂ ਸਿੱਖ ਵੀ ਕਦੇ ਚੰਗੇ ਹੋ ਸਕਦੇ ਹਨ ? ਸਿੱਖਾਂ ਦੇ ਚੰਗੇ ਹੋਣ ਦਾ ਸਰਟੀਫਿਕੇਟ ਵੀ ਉਨ੍ਹਾਂ ਦੇ ਆਪਣੇ ਸ਼ੁਭ ਅਮਲਾਂ ਰਾਹੀਂ ਹੀ ਜਾਰੀ ਹੋ ਸਕਦਾ ਹੈ।

ਇਹ ਸ਼ੁਭ ਅਮਲ ਹੀ ਸਿੱਖੀ ਨੈਤਿਕਤਾ ਦਾ ਮੂਲ ਸਿਧਾਂਤ ਰੂਪ ਹਨ । ਗੁਰੂ ਸਾਹਿਬਾਨ ਦਾ ਮੂਲ ਮਕਸਦ ਜੀਵਨ ਸ਼ੈਲੀ ਵਿੱਚ ਸੁਧਾਰ ਲਿਆਉਣਾ ਸੀ । ਇਸੇ ਲਈ ਉਹ ਕਹਿੰਦੇ ਹਨ ਕਿ ਇਸ ਨੂੰ ਅਪਨਾਉਣਾ ਤੇ ਆਪਣੀ ਜੀਵਨ-ਜਾਚ ਬਣਾਉਣਾ ਬਹੁਤ ਜ਼ਰੂਰੀ ਹੈ । ਜੀਵਨ-ਜਾਚ ਬਣਨ ਤੋਂ ਬਾਅਦ ਹੀ ਮਨੁੱਖ ਦੇ ਕਸ਼ਟਾਂ ਦਾ ਨਿਵਾਰਨ ਹੋਵੇਗਾ । ਇਹ ਵੱਖਰੀ ਗੱਲ ਹੈ ਕਿ ਉਂਜ ਤਾਂ ਬਹੁਤ ਸਾਰੇ ਲੋਕ ਗੁਰਬਾਣੀ ਪੜ੍ਹਦੇ ਵੀ ਹਨ, ਸੁਣਦੇ ਵੀ ਹਨ ਪਰ ਮੰਨਣ ਵੇਲੇ ਕੰਨੀ ਕਤਰਾ ਜਾਂਦੇ ਹਨ। ਉਨ੍ਹਾਂ ਦਾ ਅਜਿਹਾ ਕਿਹਾ ਆਮ ਸੁਣਿਆ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦਾ ਸਮਾਂ ਹੋਰ ਸੀ ਤੇ ਅੱਜ ਕੱਲ੍ਹ ਇਸ ਤਰ੍ਹਾਂ ਨਹੀਂ ਚੱਲਿਆ ਜਾ ਸਕਦਾ । ਮੇਰੀ ਜਾਚੇ ਇਹ ਸਰਾਸਰ ਗਲਤ ਹੈ ।

ਗੁਰਬਾਣੀ ਕਿਸੇ ਇਕ ਧਰਾਤਲ ਉਪਰ ਨਹੀਂ ਵਿਚਰਦੀ । ਇਹ ਬੜੀ ਹੀ ਅਰਥ-ਪੂਰਨ ਹੈ । ਜਗਿਆਸੂ ਜਿਵੇਂ-ਜਿਵੇਂ ਇਸ ਦੀ ਨੇੜਤਾ ਹਾਸਲ ਕਰਦੇ ਜਾਂਦੇ ਹਨ, ਇਸ ਦੇ ਰੰਗ ਬਦਲਦੇ ਜਾਂਦੇ ਹਨ । ਇਹ ਸਾਨੂੰ ਹੋਰ ਜ਼ਿਆਦਾ ਗੰਭੀਰ ਅਵਸਥਾ ਵਿਚ ਲੈ ਜਾਂਦੀ ਹੈ । ਇਸ ਦੇ ਰੰਗ ਹੋਰ ਗੂੜ੍ਹੇ ਹੋ ਜਾਂਦੇ ਹਨ। ਪਰ ਇਹ ਗੰਭੀਰਤਾ ਸਿਰਫ ਪਾਠ ਕੰਠ ਕਰਨ ਨਾਲ ਨਹੀਂ ਆਉਂਦੀ । ਇਸ ਵਾਸਤੇ ਗੁਰਬਾਣੀ ਉਪਰ ਵਿਚਾਰ ਕੇਂਦਰਿਤ ਕਰਨਾ ਜ਼ਰੂਰੀ ਹੈ । ਗੁਰਬਾਣੀ ਮਨੁੱਖ ਦੇ ਜੀਵਨ ਨੂੰ ਸਾਰਥਕ ਬਣਾਉਂਦੀ ਹੈ ਤੇ ਇਸੇ ਲਈ ਇਸ ਦੇ ਕਣ-ਕਣ ਅੰਦਰ ਨੈਤਿਕਤਾ ਨਾਲ ਓਤ-ਪੋਤ ਅਗਵਾਈ ਮੌਜੂਦ ਹੈ । ਜੇ ਇਸ ਉਪਰ ਅਮਲ ਨਹੀਂ ਕੀਤਾ ਜਾ ਸਕਦਾ ਤਾਂ ਉਸ ਸਭ ਕੁਝ ਦਾ ਕੋਈ ਲਾਭ ਨਹੀਂ ਜੋ ਅੱਜਕਲ੍ਹ ਸਿੱਖਾਂ ਵੱਲੋਂ ਧਰਮ ਦੇ ਨਾਂ ਉਪਰ ਕੀਤਾ ਜਾ ਰਿਹਾ ਹੈ । ਗੁਰਬਾਣੀ ਤਾਂ ਬਹੁਤ ਸਪੱਸ਼ਟ ਨਿਰਦੇਸ਼ ਦਿੰਦੀ ਹੈ । ਥੋੜ੍ਹਾ ਜਿਹਾ ਮੁਹਾਵਰਾ ਬਦਲਣਾ ਪਵੇਗਾ ਤੇ ਇਹ ਸੱਭੋ ਕੁਝ ਬੜਾ ਆਸਾਨ ਹੋ ਜਾਵੇਗਾ । ਗੁਰੂ ਕਥਨ ਹੈ:

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥*
(ਪੰਨਾ ੯੬੨)

'ਤੂ' ਤੋਂ ਭਾਵ ਸਰਬ-ਸ਼ਕਤੀਮਾਨ ਅਕਾਲ ਪੁਰਖ ਤੋਂ ਹੈ, ਜੋ ਸਰਬ-ਵਿਆਪਕ ਹੈ, ਸਾਡੇ ਚਾਰੇ ਪਾਸੇ ਹੈ ਅਤੇ ਸਾਡੇ ਧੁਰ ਅੰਦਰ ਵੀ ਮੌਜੂਦ ਹੈ । ਜੋ ਇਸ ਸੰਸਾਰ ਦਾ ਸੰਚਾਲਕ ਹੈ, ਜੋ ਆਕਾਸ਼ ਵਿੱਚ ਵੀ ਹੈ ਅਤੇ ਪਾਤਾਲ ਵਿੱਚ ਵੀ, ਬ੍ਰਹਿਮੰਡ ਵਿਚ ਵੀ ਹੈ ਤੇ ਬ੍ਰਹਿਮੰਡ ਤੋਂ ਪਰ੍ਹੇ ਵੀ, ਜੋ ਖੁਦ ਦਾ ਹੀ ਸਿਰਜਣਹਾਰ ਹੈ । ਜੇ ਇਸ ਨੂੰ ਕੋਈ ਨਾਮ ਵੀ ਨਾ ਦੇਈਏ ਤਾਂ ਕੰਮ ਚੱਲ ਸਕਦਾ ਹੈ।

ਜੇ ਕਣ-ਕਣ ਉਸ ਦਾ ਹੈ ਤੇ ਗੁਰਬਾਣੀ ਉਸ ਦੀ ਰਜ਼ਾ ਵਿੱਚ ਚੱਲਣ ਦਾ ਆਦੇਸ਼ ਦਿੰਦੀ ਹੈ ਤਾਂ ਇਸ ਨਾਲ ਛੇੜ-ਛਾੜ ਕਿਉਂ? ਕਿਉਂ ਇਸ ਨੂੰ ਗੰਧਲਾਇਆ ਜਾ ਰਿਹਾ ਹੈ । ਹਵਾ ਨੂੰ, ਪਾਣੀ ਨੂੰ, ਧਰਤੀ ਨੂੰ, ਦਰਿਆਵਾਂ ਨੂੰ, ਸਮੁੰਦਰਾਂ ਨੂੰ, ਪਹਾੜਾਂ ਨੂੰ ਕਿਉਂ ਗੰਦਾ ਕੀਤਾ ਜਾ ਰਿਹਾ ਹੈ ? ਇਹ ਤਾਂ ਸਰਾਸਰ ਉਸ ਦੀ ਰਜ਼ਾ ਤੋਂ ਉਲਟ ਚੱਲਣ ਦੀ ਕੋਸ਼ਿਸ਼ ਹੈ, ਉਸ ਦੇ ਹੁਕਮ ਦੀ ਉਲੰਘਣਾ ਹੈ । ਉਹ ਬੋਲਦਾ ਤਾਂ ਨਹੀਂ, ਪਰ ਜਾਣਦਾ ਹੈ । ਉਹ ਜਾਣਦਾ ਹੈ ਕਿ ਤੁਹਾਡੇ ਕੀ ਕਰਨ ਨਾਲ ਕੀ ਹੋਵੇਗਾ ? ਪਰ ਤੁਸੀਂ ਇਹ ਕੁਝ ਨਹੀਂ ਜਾਣਦੇ । ਤੁਸੀਂ ਉਸ ਦਾ ਇੱਕ ਪੱਖ

ਹੀ ਜਾਣਦੇ ਹੋ, ਤੇ ਉਸ ਨਾਲ ਵੀ ਤੁਸੀਂ ਛੇੜ-ਛਾੜ ਕਰ ਰਹੇ ਹੋ । ਇਹ ਅਨੈਤਿਕ ਹੈ।

ਤੁਸੀਂ ਉਸ ਨੂੰ ਜਾਣਨਾ ਚਾਹੁੰਦੇ ਹੋ ਤਾਂ ਨਿਸ਼ਚੇ ਹੀ ਉਸ ਨੂੰ ਤਰਲਿਆਂ ਨਾਲ ਨਹੀਂ ਜਾਣ ਸਕਦੇ, ਵੇਦ-ਕਤੇਬ ਭਾਵ ਗ੍ਰੰਥਾਂ ਦਾ ਪਾਠ ਕਰਕੇ ਉਸ ਨੂੰ ਨਹੀਂ ਸਮਝ ਸਕਦੇ। ਨਾ ਉਸ ਬਾਰੇ ਗਿਆਨ ਤੀਰਥਾਂ ਤੋਂ ਪ੍ਰਾਪਤ ਹੋ ਸਕਦਾ ਹੈ, ਤੇ ਨਾ ਹੀ ਧਰਤੀ ਗਾਹੁਣ ਨਾਲ। ਕਿਉਂਕਿ ਜੋ ਤੁਸੀਂ ਲੱਭਣਾ ਚਾਹੁੰਦੇ ਹੋ, ਉਹ ਉਸ ਰੂਪ ਵਿੱਚ ਨਹੀਂ ਹੈ। ਜੇ ਸਿਆਣਪਾਂ ਨਾਲ ਸਮਝਣਾ ਚਾਹੋ ਤਾਂ ਸਮਝ ਨਹੀਂ ਸਕਦੇ। ਬਹੁਤਾ ਦਾਨ ਕਰਨ ਨਾਲ ਵੀ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਿਉਂਕਿ ਉਸ ਦਾ ਰੂਪ ਬੜਾ ਵਿਸ਼ਾਲ ਹੈ, ਬੜਾ ਭੇਦ ਭਰਿਆ ਹੈ ਤੇ ਇਸ ਦੇ ਭੇਦ ਸਮਝਣ ਵਾਸਤੇ ਸਿਰਫ ਭਗਤੀ ਦੀ ਲੋੜ ਹੈ। ਸਮੁੱਚੀ ਪ੍ਰਕਿਰਤੀ ਉਸ ਦੇ ਵੱਸ ਵਿੱਚ ਹੈ, ਉਹ ਸਿਰਫ ਆਪਣੇ ਭਗਤਾਂ ਦੇ ਵੱਸ ਵਿੱਚ ਹੈ । ਪਰ ਕੇਹੀ ਭਗਤੀ, ਇਸ ਸ਼ਬਦ ਦੇ ਅਰਥ ਵੀ ਗਲਤ ਲਏ ਜਾਂਦੇ ਹਨ । ਭਗਤ ਉਹ ਨਹੀਂ, ਜੋ ਅੱਖਾਂ ਬੰਦ ਕਰਕੇ ਰਾਮ ਰਾਮ ਜਾਂ ਵਾਹਿਗੁਰੂ ਵਾਹਿਗੁਰੂ ਜਪਦਾ ਹੈ । ਭਗਤ ਉਹ ਹੈ ਜਿਸ ਨੂੰ ਆਪਣੇ ਰੱਬ ਉਪਰ ਪੂਰੀ ਸ਼ਰਧਾ ਹੈ । ਉਸ ਨੂੰ ਰੱਬ ਦੇ ਗੁਣਾਂ ਦੀ ਜਿਵੇਂ-ਜਿਵੇਂ ਸਮਝ ਆਉਂਦੀ ਜਾਂਦੀ ਹੈ, ਉਸੇ ਤਰ੍ਹਾਂ ਉਹ ਉਸ ਬਾਰੇ ਵਜਦ ਵਿੱਚ ਆ ਜਾਂਦਾ ਹੈ । ਅਸਲ ਵਿੱਚ ਭਗਤ ਨੂੰ ਆਪਣੇ ਰੱਬ ਦੇ ਸਾਰਥਕ ਗੁਣਾਂ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ ਹੈ ਤੇ ਉਹ ਇਨ੍ਹਾਂ ਸਾਰਥਕ ਗੁਣਾਂ ਬਾਰੇ ਹੀ ਜਾਣ ਕੇ ਸ਼ਰਧਾਂ ਵਿੱਚ ਸਰਾਬੋਰ ਰਹਿੰਦਾ ਹੈ। ਇਹ ਸਾਰਥਕ ਗੁਣ ਉਹ ਹੀ ਹਨ, ਜਿਨ੍ਹਾਂ ਦੇ ਆਸਰੇ ਪ੍ਰਕਿਰਤੀ ਕਾਰਜਸ਼ੀਲ ਰਹਿੰਦੀ ਹੈ। ਪ੍ਰਕਿਰਤੀ ਦੇ ਸਾਰੇ ਨਿਯਮਾਂ ਦੀ ਖੋਜ ਵਿਗਿਆਨ ਨਿਰੰਤਰ ਕਰਦਾ ਰਹਿੰਦਾ ਹੈ ਤੇ ਜਿਨ੍ਹਾਂ ਦੀ ਪ੍ਰੋੜ੍ਹਤਾ ਹਰ ਭਗਤ ਨੂੰ ਕਰਨੀ ਚਾਹੀਦੀ ਹੈ । ਉਸ ਬਾਰੇ ਜਾਣਨ ਲਈ ਆਪਣੇ ਆਪ ਨੂੰ ਵਿਗਿਆਨ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ । ਵਿਗਿਆਨ ਦੇ ਬਦਲਣ ਨਾਲ ਹੀ ਬਦਲਣ ਵਾਸਤੇ ਵੀ ਤਿਆਰ ਰਹਿਣਾ ਹੈ, ਕਿਉਂਕਿ ਪ੍ਰਕਿਰਤੀ ਦਾ ਇਕ ਨਿਯਮ ਸਦਾ ਬਦਲਦੇ ਰਹਿਣਾ ਹੈ, ਸਦਾ ਕੁਝ ਨਵਾਂ ਕਰਦੇ ਰਹਿਣਾ ਹੈ । ਇਹ ਤਬਦੀਲੀ ਕੁਦਰਤ ਦਾ ਨਿਯਮ ਹੈ ਤੇ ਇਹੋ ਕੁਦਰਤ ਦਾ ਨਿਯਮ ਉਸ ਦਾ ਨਿਯਮ ਹੈ । ਇਸ ਲਈ ਭਗਤ ਉਨ੍ਹਾਂ ਗੁਣਾਂ ਉਪਰ ਹੀ ਵਿਚਾਰ ਕਰਦਾ ਹੈ ਜੋ ਸਾਰਥਕ ਹਨ ਤੇ ਸੰਸਾਰ ਦੀ ਕਾਰਜਸ਼ੀਲਤਾ ਵਿਚ ਪਰਸਪਰ ਯੋਗਦਾਨ ਪਾਉਂਦੇ ਹਨ । ਇਹੋ ਉਸ ਦੀ ਵਡਿਆਈ ਹੈ ।

ਪਰਮੇਸ਼ਰ ਦੀ ਵਡਿਆਈ ਜਾਂ ਸਿਫਤ-ਸਲਾਹ ਕਰਨੀ ਦਾ ਭਾਵ ਹੈ ਉਸ ਦੀ ਵਡਿਆਈ ਨੂੰ ਵਿਚਾਰਨਾ ਤੇ ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਪ੍ਰਕਿਰਤੀ ਦੇ ਨਿਯਮ ਸਮਝਾਂਗੇ । ਇਹ ਨਿਯਮ ਵਿਗਿਆਨ ਤੋਂ ਬਿਨਾਂ ਨਹੀਂ ਸਮਝੇ ਜਾ ਸਕਦੇ । ਇਸ ਲਈ ਭਗਤ ਦਾ ਗਿਆਨਵਾਨ ਹੋਣਾ ਬਹੁਤ ਜ਼ਰੂਰੀ ਹੈ । ਉਸ ਦਾ ਮਨ ਅੰਧਾ ਭਾਵ ਅੰਧ-ਵਿਸ਼ਵਾਸੀ ਨਹੀਂ ਹੋਣਾ ਚਾਹੀਦਾ। ਗੁਰਬਾਣੀ ਇਸ ਸਾਰੇ ਪਸਾਰੇ ਨੂੰ ਉਸ ਦੀ ਵਡਿਆਈ ਰਾਹੀਂ ਸਮਝਣ ਦਾ ਆਦੇਸ਼ ਦਿੰਦੀ ਹੈ । ਜੇ ਤੁਸੀਂ ਇਸ ਪਸਾਰੇ ਨੂੰ ਸਮਝ ਲਵੋਗੇ ਤੇ ਕੁਦਰਤ ਦੇ ਸਾਰੇ ਨਿਯਮ ਭਾਵ ਹੁਕਮ ਨੂੰ ਜਾਣ ਲਵੋਗੇ ਤਾਂ ਨਿਸ਼ਚੇ ਹੀ ਤੁਸੀਂ ਆਪਣੇ ਕਾਰਜ ਵਿਚ ਮਗਨ ਹੋ ਜਾਵੋਗੇ ਕਿਉਂਕਿ ਤੁਸੀਂ ਉਹ ਕੁਝ ਨਹੀਂ ਕਰਨਾ ਚਾਹੋਗੇ ਜਿਸ ਨਾਲ ਇਸ ਕੁਦਰਤ ਦੇ ਪਸਾਰੇ ਉਪਰ ਕੋਈ ਝਰੀਟ ਵੀ ਪਵੇ। ਤੁਹਾਡੇ ਲਈ ਸਾਰੀ ਸ੍ਰਿਸ਼ਟੀ ਹੀ ਉਸ ਦਾ ਮੰਦਰ ਹੈ ਤੇ ਇਸ ਦੀ ਆਰਤੀ

ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਗਨ ਨੂੰ ਥਾਲ ਕਹਿਣਾ ਬੜਾ ਵਾਜਬ ਜਾਪਦਾ ਹੈ । ਪੂਰੇ ਮੂਲ ਮੰਤਰ ਵਿੱਚ ਇਸ ਦੀ ਸੱਚਾਈ ਲੁਕੀ ਹੋਈ ਹੈ । ਜਪੁਜੀ ਦੀ ਰਚਨਾ ਕਿਸੇ ਸੱਚਾਈ ਦਾ ਵਿਸਥਾਰ ਜਾਪਦੀ ਹੈ । ਉਸ ਬਾਰੇ ਇਹੋ ਗਿਆਨ ਹੀ ਸਾਨੂੰ ਨਿਰਲੇਪ ਹੋ ਕੇ ਜੀਣ ਦਾ ਆਦੇਸ਼ ਦਿੰਦਾ ਹੈ, ਜਿਥੇ ਨਾ ਮਰਨ ਵਿੱਚ ਕੋਈ ਦੁੱਖ ਹੈ ਨਾ ਗੁਆਚ ਜਾਣ ਦੀ ਕੋਈ ਚਿੰਤਾ । ਇਹੋ ਸੱਚ ਹੈ ਤੇ ਇਹੋ ਉਸ ਸੱਚ ਦੀ ਪ੍ਰਾਪਤੀ ਹੈ ।

ਗੁਰਬਾਣੀ ਉਸ ਸੱਚ ਨੂੰ ਆਪਣੀ ਜ਼ਿੰਦਗੀ ਵਿੱਚ ਢਾਲਣ ਦਾ ਆਦੇਸ਼ ਦਿੰਦੀ ਹੈ ਤਾਂ ਕਿ ਜੀਵਨ ਦਾ ਅਸਲੀ ਸੁਖ ਪ੍ਰਾਪਤ ਕੀਤਾ ਜਾ ਸਕੇ । ਨਾ ਲਾਲਚ, ਨਾ ਕ੍ਰੋਧ, ਨਾ ਮੋਹ, ਨਾ ਚਿੰਤਾ । ਕਿਉਂਕਿ ਇਸ ਕੁਦਰਤ ਦੇ ਨਿਯਮਾਂ ਵਿੱਚ ਅਣਹੋਣੀ ਤਾਂ ਕੁਝ ਹੈ ਹੀ ਨਹੀਂ। ਜੇ ਅਣਹੋਣੀ ਹੀ ਨਹੀਂ ਹੈ ਤਾਂ ਚਿੰਤਾ ਕਿਸ ਗੱਲ ਦੀ । ਜੇ ਤੁਸੀਂ ਆਪਣੀ ਜ਼ਿੰਦਗੀ ਨੂੰ ਕੁਦਰਤ ਦੀਆਂ ਸਾਰਥਕ ਸ਼ਕਤੀਆਂ ਅਧੀਨ ਜਿਊਣਾ ਸਿੱਖ ਲਿਆ ਹੈ ਤਾਂ ਫਿਰ ਇਹ ਉਸ ਦੀ ਰਜ਼ਾ ਹੈ । ਇਹੋ ਉਸ ਦਾ ਭਾਣਾ ਹੈ। ਉਸ ਦਾ ਭਾਣਾ ਜੇਹਾ ਬੀਜਣ ਤੇਹਾ ਵੱਢਣ ਵਿੱਚ ਵੀ ਹੈ । ਕਿਉਂਕਿ ਕੁਦਰਤ ਦਾ ਇਹ ਨਿਯਮ ਹੈ ਕਿ ਜੋ ਬੀਜਿਆ ਜਾਵੇ, ਉਹੋ ਹੀ ਕੁਦਰਤ ਸਾਨੂੰ ਵਾਪਸ ਪਰਤਾ ਦਿੰਦੀ ਹੈ । ਇਸ ਲਈ ਆਪਣਾ ਬੀਜਿਆ ਵੱਢਣ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ । ਗੁਰਬਾਣੀ ਮਨੁੱਖ ਨੂੰ ਚੰਗਾ ਬੀਜਣ ਦਾ ਆਦੇਸ਼ ਦਿੰਦੀ ਹੈ।

ਅੱਜ ਦਾ ਯੁੱਗ ਬਦਲ ਰਹੀਆਂ ਕਦਰਾਂ-ਕੀਮਤਾਂ ਤੇ ਵਿਗਿਆਨ ਦਾ ਯੁੱਗ ਹੈ। ਗੁਰਬਾਣੀ ਕਿਸੇ ਤਰ੍ਹਾਂ ਵੀ ਵਿਗਿਆਨ ਦੇ ਟਕਰਾਅ ਵਿੱਚ ਨਹੀਂ ਹੈ । ਜੇ ਟਕਰਾਅ ਹੈ ਤਾਂ ਇਹ ਉਨ੍ਹਾਂ ਰੀਤੀਆਂ ਦਾ ਹੈ ਜੋ ਆਦਮੀ ਨੇ ਧਰਮ ਦੇ ਨਾਂ ਉਪਰ ਬਣਾ ਲਈਆਂ । ਗੁਰਬਾਣੀ ਇਸ ਸਭ ਕੁਝ ਦਾ ਵਿਰੋਧ ਕਰਦੀ ਹੈ । ਗੁਰਬਾਣੀ ਤਾਂ ਉਸ ਦੀ ਵਡਿਆਈ ਵਿਚਾਰਨ ਦਾ ਇੱਕ ਸਪੱਸ਼ਟ ਤੇ ਸਿੱਧਾ-ਸਾਦਾ ਤਰੀਕਾ ਹੈ ।

◆


## ਸੱਚਖੰਡ ਪੱਤਰ ਦੇ ਚੰਦੇ

ਦੇਸ਼ ਲਈ : ਸਾਲਾਨਾ ਚੰਦਾ = ੭੦/- ਰੁਪੈ
ਲਾਈਫ ਮੈਂਬਰਸ਼ਿਪ = ੭੦੦/- ਰੁਪੈ
ਵਿਦੇਸ਼ਾਂ ਲਈ : ਸਾਲਾਨਾ ਚੰਦਾ (ਸਮੁੰਦਰੀ ਡਾਕ ਰਾਹੀ) = ੩੦੦/- ਰੁਪ
ਸਾਲਾਨਾ ਚੰਦਾ (ਹਵਾਈ ਡਾਕ ਰਾਹੀਂ ) = ੯੦੦/- ਰੁਪੈ
ਲਾਈਫ ਮੈਂਬਰਸ਼ਿਪ (ਸਮੁੰਦਰੀ ਡਾਕ ਰਾਹੀ)= ੩੦੦੦/- ਰੁਪ
ਲਾਈਫ ਮੈਂਬਰਸ਼ਿਪ (ਹਵਾਈ ਡਾਕ ਰਾਹੀ) = ੫੦੦੦/- ਰੁਪ

ਮਾਇਆ ਭੇਜਣ ਦਾ ਪਤਾ :

Superintendent
Gurudwara Sachkhand Board, Nanded-431601 (MS)India

# ਝੂਠਾ ਮਦੁ ਮੂਲਿ ਨ ਪੀਚਈ..

- ਸ੍ਰ: ਸੁਰਿੰਦਰ ਸਿੰਘ ਗੋਰੀ *

ਅਜੋਕੇ ਸਮੇਂ ਵਿੱਚ ਬਹੁਤ ਇਨਸਾਨ ਨਸ਼ਿਆਂ ਵਿੱਚ ਗਰਕ ਹੋ ਰਹੇ ਹਨ, ਚਾਹੇ ਉਹ ਆਦਮੀ ਹੈ ਜਾਂ ਇਸਤ੍ਰੀ ਹੈ, ਇਥੋਂ ਤੱਕ ਕਿ ਬੱਚਿਆਂ ਨੂੰ ਜੰਮਦੇ ਹੀ ਨਸ਼ੇ ਵਾਲੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤਾਂਕਿ ਆਪ ਹੀ ਨਸ਼ੇ ਵਿੱਚ ਡੁੱਬੇ ਰਹਿਣ । ਪੰਜਾਬ ਦੀ ਨੌਜਵਾਨ ਪੀੜੀ ਬੱਚੇ ਬੱਚੀਆਂ ਸਕੂਲਾਂ/ ਕਾਲਜਾਂ ਵਿੱਚ ਆਮ ਨਸ਼ੇ ਕਰਦੇ ਹਨ, ਪਹਿਲਾਂ ਪੇਂਡੂ ਤਬਕਾ ਨਸ਼ਾ ਕਰਦਾ ਸੀ, ਪਰ ਹੁਣ ਤਾਂ ਪੜ੍ਹਿਆ ਲਿਖਿਆ ਇਨਸਾਨ ਵੀ ਪਿਛੇ ਨਹੀਂ ਰਿਹਾ ਹੈ, ਇਸ ਦਾ ਮੂਲ ਕਾਰਨ ਹੈ ਮਾਂ ਬਾਪ ਦਾ ਜੀਵਨ ਪ੍ਰੇਰਨਾਦਾਇਕ ਨਹੀਂ ਬਣ ਸਕਿਆ । ਨਸ਼ਾ ਕਰਨਾ ਇੱਕ ਫੈਸ਼ਨ ਹੋ ਗਿਆ ਹੈ । ਜਿਹੜੇ ਭੈੜੇ ਕੰਮ ਨਹੀਂ ਕਰਦੇ ਉਨ੍ਹਾਂ ਨੂੰ ਨਸ਼ਈ ਸਮਾਜ ਪਿਛੜਿਆ ਹੋਇਆ ਜੀਵ ਸਮਝਦੇ ਹਨ । ਨਸ਼ੇ ਦੇ ਸੇਵਨ ਨਾਲ ਮਨੁੱਖ ਅਧਿਆਤਮਿਕ ਮਾਰਗ ਦੀ ਪੌੜੀ ਤੋਂ ਡਿੱਗ ਜਾਂਦਾ ਹੈ । ਨਸ਼ਾ, ਮਨੁੱਖ ਦਾ ਜੀਵਨ ਮਲੀਣ ਕਰਕੇ ਵਿਸ਼ੇ ਵਿਕਾਰਾਂ ਦੇ ਰਸਤੇ ਪਾ ਦਿੰਦਾ ਹੈ, ਨਸ਼ਈ ਪੁਰਖ ਆਪਣੇ ਜੈਸੇ ਹੀ ਸਾਥੀ ਲੱਭਦਾ ਹੈ, ਆਪ ਤਾਂ ਪਤਿਤ ਹੁੰਦਾ ਹੈ, ਹੋਰਨਾਂ ਨੂੰ ਵੀ ਇਸੇ ਹੀ ਨਰਕਾਂ ਵਿੱਚ ਸੁੱਟਦਾ ਹੈ । ਭੈੜੀ ਸੰਗਤ ਇਨਸਾਨ ਨੂੰ ਡੋਬਦੀ ਹੈ । ਵਿਸ਼ੇ ਵਿਕਾਰਾਂ ਵੱਲ ਖਚਿਤ ਹੁੰਦਾ ਹੈ ਅਤੇ ਅਨੇਕਾਂ ਰੋਗਾਂ ਵਿੱਚ ਫਸ ਕੇ ਆਪਣਾ ਜੀਵਨ ਮਿੱਟੀ ਦੇ ਭਾਅ ਉਜਾੜ ਦਿੰਦਾ ਹੈ ਅਤੇ ਦੁਰਲਭ ਮਨੁੱਖਾ ਜਨਮ ਅਕਾਰਥ ਚਲਾ ਜਾਂਦਾ ਹੈ । ਉਸ ਦਾ ਸੁਭਾਉ ਲੜਾਕੂ ਅਤੇ ਆਪਣੇ ਪਰਿਵਾਰ ਦੇ ਲਈ ਲੜਾਈ ਦਾ ਕਾਰਣ ਬਣ ਜਾਂਦਾ ਹੈ, ਜਬਾਨ ਸਾਥ ਨਹੀਂ ਦਿੰਦੀ, ਗਾਲੀ ਗਲੋਚ ਕਰਦਾ ਹੈ। ਪਰਿਵਾਰਕ ਜੋੜੇ ਵਿਚ ਇਤਨਾ ਤਨਾਵ ਆ ਜਾਂਦਾ ਹੈ ਕਿ ਪਰਿਵਾਰ ਟੁੱਟ ਜਾਂਦੇ ਹਨ, ਇਹੋ ਜਿਹੇ ਮਨੁੱਖ ਕਤਲ ਦੀ ਨੌਬਤ ਤਕ ਪਹੁੰਚਦੇ ਹਨ, ਐਸੇ ਸਮੇਂ ਮਤਿ ਮਾਰੀ ਜਾਂਦੀ ਹੈ, ਉਹ ਵਿਸ਼ੇ ਵਿਕਾਰਾਂ ਵੱਲ ਖਚਿਤ ਹੋ ਜਾਂਦਾ ਹੈ, ਭਿਆਨਕ ਬੀਮਾਰੀਆਂ ਲੱਗ ਜਾਂਦੀਆਂ ਹਨ, ਸਰੀਰ ਨਿਰਬਲ ਹੋ ਜਾਂਦਾ ਹੈ, ਸੋਚਣ ਸਮਝਣ ਦੀ ਸ਼ਕਤੀ ਨਹੀਂ ਰਹਿੰਦੀ ਅਤੇ ਉਮਰ ਵੀ ਘੱਟ ਜਾਂਦੀ ਹੈ ।

ਨਸ਼ਿਆਂ ਵਿੱਚ ਡੁੱਬੇ ਮਨੁੱਖ ਨੂੰ ਭਿਆਨਕ ਕੈਂਸਰ, ਸਵਾਈਨ ਫਲੂ, ਤਪਦਿਕ, ਏਡਜ਼ ਵਰਗੇ ਰੋਗ ਆ ਚਿੰਬੜਦੇ ਹਨ । ਸਿੱਖ ਲਈ ਨਸ਼ਾ ਕਰਨਾ ਇੱਕ ਬੱਜਰ ਕੁਰਿਹਤ ਦੱਸਿਆ ਗਿਆ ਹੈ । ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਹੀ ਸਿੱਖ ਨੂੰ ਨਸ਼ਿਆਂ ਤੋਂ ਉਪਰਾਮ ਕੀਤਾ ਹੈ ਅਤੇ ਹੁਕਮ ਕੀਤਾ ਕਿ ਇਸ ਨਾਲ ਭਿਆਨਕ ਸਰੀਰਕ ਅਤੇ ਮਾਨਸਿਕ ਰੋਗ ਲੱਗ ਜਾਂਦੇ ਹਨ ਅਤੇ ਮਨੁੱਖ ਦਾ ਮਨ ਭਟਕਦਾ ਰਹਿੰਦਾ ਹੈ, ਪ੍ਰਭੂ ਸਿਮਰਨ ਤੋਂ ਦੂਰ ਹੋ ਜਾਂਦਾ ਹੈ। ਇਸੇ ਪ੍ਰਥਾਏ ਰਹਿਤਨਾਮਿਆਂ 'ਚ ਗੁਰੂ ਕੇ ਸਿੱਖ ਲਈ ਉਪਦੇਸ਼ ਹਿਤ ਦਰਜ਼ ਹੈ :-

ਕੁੱਠਾ ਹੁੱਕਾ ਚਰਸ ਤੰਬਾਕੂ ।<br>
ਗਾਂਜਾ ਟੋਪੀ ਤਾੜੀ ਖਾਕੂ ।<br>
ਇਨ ਕੀ ਓਰ ਨ ਕਬਹੂ ਦੇਖੇ ।<br>
ਰਹਤਵੰਤ ਜੋ ਸਿੰਘ ਬਿਸੇਖੈ ।

(ਰਹਿਤਨਾਮਾ-ਭਾਈ ਦੇਸਾ ਸਿੰਘ)

ਪਾਵਨ ਗੁਰਬਾਣੀ ਦਾ ਫੁਰਮਾਨ ਹੈ ਕਿ ਸ਼ਰਾਬ

* ਪੋਸਟ ਬਾਕਸ ਨੰ:੧੦੯੨੧, ਦੁਬਈ

ਪੀਣ ਨਾਲ ਮਨੁੱਖ ਦੀ ਮੱਤ ਉੱਕਾ ਹੀ ਮਾਰੀ ਜਾਂਦੀ ਹੈ ਅਤੇ ਝੱਲਪੁਣਾ ਉਪਜਦਾ ਹੈ । ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਖਸਮ ਵਾਹਿਗੁਰੂ ਵਿਸਰ ਜਾਂਦਾ ਹੈ ਫਿਰ ਦਰਗਾਹ ਵਿਚੋਂ ਵੀ ਧੱਕੇ ਪੈਂਦੇ ਹਨ :

*ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥* (ਪੰਨਾ ੫੫੪)

ਇਸ ਦਾ ਇੱਕ ਕਾਰਣ ਇਹ ਵੀ ਹੈ ਕਿ ਮਾਂ ਬਾਪ ਆਪਣੇ ਬੱਚਿਆਂ ਦੇ ਨਾਲ ਸਮਾਂ ਨਹੀਂ ਬਿਤਾਉਂਦੇ, ਬੱਚਿਆਂ ਨੂੰ ਹੋਸਟਲ ਵਿੱਚ ਪਾ ਦਿੰਦੇ ਹਨ, ਬੱਚਿਆਂ ਵਾਸਤੇ ਵੱਖਰਾ ਨੌਕਰ ਰਖ ਦਿੰਦੇ ਹਨ, ਮਾਤਾਵਾਂ ਆਪਣੇ ਬੱਚਿਆਂ ਨੂੰ ਮਾਂ ਦਾ ਦੁੱਧ ਨਹੀਂ ਪਿਲਾਂਦੀਆਂ, ਕਿਉਂਕਿ ਇਸ ਭੁਲੇਖੇ ਵਿੱਚ ਰਹਿੰਦੀਆਂ ਹਨ ਕਿ ਸਰੀਰ ਦੀ ਸੁੰਦਰਤਾ ਬਣੀ ਰਹੇ, ਇਹ ਵੀ ਕ਼ਹਿੰਦੀਆਂ ਹਨ ਕਿ ਸਾਡੇ ਕੋਲ ਸਮਾਂ ਨਹੀਂ ਹੈ । ਇਸ ਦੁੱਖ ਦੇ ਕਾਰਨ ਬੱਚੇ ਭੈੜੀ ਸੰਗਤ ਵਿੱਚ ਪੈ ਜਾਂਦੇ ਹਨ, ਫਿਰ ਬੱਚੇ ਵੱਡੇ ਹੋ ਕੇ ਮਾਂ ਬਾਪ ਦਾ ਕਹਿਣਾ ਨਹੀਂ ਮੰਨਦੇ, ਨਸ਼ੇ ਕਰਦੇ ਹਨ ਅਤੇ ਭੈੜੇ ਕਰਮ ਕਰਦੇ ਹਨ । ਇਸ ਲਈ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨਾਲ ਸਬੰਧ ਵਧਾਣੇ ਚਾਹੀਦੇ ਹਨ ਅਤੇ ਛੋਟੇ ਹੁੰਦਿਆਂ ਤੋਂ ਹੀ ਉਨ੍ਹਾਂ ਨੂੰ ਪ੍ਰੇਰਕੇ ਗੁਰਦੁਆਰਾ ਸਾਹਿਬ ਲਿਜਾਣਾ ਚਾਹੀਦਾ ਹੈ ਤਾਂ ਕਿ ਉਹ ਸਹੀ ਜੀਵਨ ਸੇਧ ਬਚਪਨ ਵਿੱਚ ਗ੍ਰਹਿਣ ਕਰ ਸਕਣ ।

ਸ੍ਰੀ ਕਲਗੀਧਰ ਪਿਤਾ ਨੇ ਅੰਮ੍ਰਿਤ ਤਿਆਰ ਕਰਨ ਲੱਗਿਆਂ ਇਹ ਵੀ ਵਰਜਿਆ ਸੀ ਕਿ ਨਸ਼ੇ ਦਾ ਸੇਵਨ ਨਹੀਂ ਕਰਨਾ ਹੈ, ਇਸ ਨੂੰ ਤਿਆਗਨਾ ਹੈ। ਸੋ ਡਰੱਗਸ ਆਦਿ ਸਾਰੇ ਨਸ਼ਿਆਂ ਦਾ ਸੇਵਨ ਬਿਲਕੁਲ ਨਹੀਂ ਕਰਨਾ । ਹਰ ਇੱਕ ਪੁਰਸ਼ ਆਪਣੇ ਆਪਣੇ ਕਰਮਾਨੁਸਾਰ ਦੁਨੀਆਂ ਵਿੱਚ ਤੇ ਪਰਲੋਕ ਵਿੱਚ ਫਲ ਪ੍ਰਾਪਤ ਕਰਦਾ ਹੈ, ਅਥਵਾ ਭੋਗਦਾ ਹੈ । ਕਰਮਾਂ ਦੇ ਵਿਚੋਂ ਹੀ ਇੱਕ ਉਹ ਕਰਮ ਹਨ ਜਿਹੜੇ ਕਿ ਜੀਵ ਨੂੰ ਅਧੋਗਤੀ ਨੂੰ ਪੁਚਾਉਂਦੇ ਹਨ ਤੇ ਇੱਕ ਉਹ ਕਰਮ ਹਨ ਜਿਹੜੇ ਕਿ ਵਾਹਿਗੁਰੂ ਨਿਰੰਕਾਰ ਦੇ ਚਰਨਾਂ ਨਾਲ ਜੋੜ ਦੇਂਦੇ ਹਨ । ਚੰਗੇ ਕਰਮ ਕਰਨ ਵਾਲੇ ਪੁਰਸ਼ ਨੂੰ ਚੰਗੇ ਲੱਛਣਾ ਵਾਲਾ ਅਤੇ ਮੰਦੇ ਕਰਮ ਕਰਨ ਵਾਲੇ ਨੂੰ ਮੰਦੇ ਲੱਛਣਾ ਵਾਲਾ ਕਿਹਾ ਜਾਂਦਾ ਹੈ ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਸੰਸਾਰ ਦੀ ਇਸ ਭੈੜੀ ਬੁਰਿਆਈ ਤੋਂ ਲੁਕਾਈ ਨੂੰ ਮੋੜ ਪਾਇਆ। ਅੱਜ ਹਿੰਦੁਸਤਾਨ ਤਾਂ ਕੀ ਸਮੁੱਚੇ ਯੂਰਪ, ਅਮਰੀਕਾ, ਕੈਨੇਡਾ ਆਦਿ ਆਪਸ ਵਿੱਚ ਮਿਲ ਕੇ ਨਸ਼ੀਲੇ ਪਦਾਰਥ ਪੈਦਾ ਕਰਨ ਵਾਲੇ ਦੇਸ਼ਾਂ ਵਿੱਚ ਆਪਣੀਆਂ ਅਤੇ ਯੂਨਾਈਟਿਡ ਨੇਸ਼ਨ ਦੀਆਂ ਫੌਜਾਂ ਤਾਇਨਾਤ ਕੀਤੀਆਂ ਹੋਈਆਂ ਹਨ, ਜਿਸ ਤਰ੍ਹਾਂ ਅਫਗਾਨਿਸਤਾਨ ਵਿੱਚ ਫੌਜਾਂ ਤਾਇਨਾਤ ਹਨ ।

ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਐਂਟੀ ਨੈਰਕੋਟੀਕ ਰੀਹੈਬੀਟੇਸ਼ਨ ਸੈਂਟਰ ਖੋਲੇ ਜਾਣ ਤਾਂ ਕਿ ਨਸ਼ਈ ਲੋਕਾਂ ਦਾ ਪਿਆਰ ਨਾਲ ਇਲਾਜ ਕਰਕੇ ਇਸ ਹਨੇਰੇ ਵਿਚੋਂ ਕੱਢਿਆ ਜਾਵੇ ਤਾਂ ਕਿ ਇਹ ਚੰਗੇ ਸਭਿਅਕ ਨਾਗਰਿਕ ਬਣਕੇ ਸਮਾਜਕ ਵਿੱਚ ਵਿਚਰ ਸਕਣ ।

♦

ਭਰੋਸੇ ਯੋਗ ਸਮਕਾਲੀ ਗਵਾਹੀਆਂ ਦੇ ਆਧਾਰ 'ਤੇ

# ਸਰਕਾਰ ਖਾਲਸਾ ਅਤੇ ਸਜ਼ਾ-ਏ-ਮੌਤ

– ਡਾ. ਹਰਨਾਮ ਸਿੰਘ ਸ਼ਾਨ *

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ (੧੭੮੦-੧੮੩੯) ਨੇ ਆਪਣੇ ਰਾਜ ਭਾਗ ਦਾ ਨਾਂ 'ਸਰਕਾਰ ਖਾਲਸਾ' ਰੱਖਿਆ ਹੋਇਆ ਸੀ । ਇਸ ਸੁਤੰਤਰ ਤੇ ਵਿਸ਼ਾਲ ਰਾਜ ਦਾ ਘੇਰਾ ਦੋ ਲੱਖ ਮੁਰੱਬਾ ਮੀਲ ਤੋਂ ਉੱਤੇ ਤਕ ਪਸਰਿਆ ਹੋਇਆ ਸੀ ਅਤੇ ਇਸ ਦੀਆਂ ਹੱਦਾਂ ਉੱਤਰ ਵੱਲ ਤਿੱਬਤ (ਚੀਨ), ਦੱਖਣ ਵੱਲ ਸਿੰਧ (ਪਾਕਿਸਤਾਨ), ਪੂਰਬ ਵੱਲ ਦਰਿਆ ਸਤਲੁਜ (ਭਾਰਤ) ਤੇ ਪੱਛਮ ਵੱਲ ਦੱਰਾ ਖ਼ੈਬਰ (ਅਫਗਾਨਿਸਤਾਨ) ਨੂੰ ਛੂਹ ਰਹੀਆਂ ਸਨ ।

ਉਨ੍ਹਾਂ ਦਾ ਆਦਰਸ਼ ਇਸ ਇਤਨੇ ਵੱਡੇ ਤੇ ਵਿਸਤਰਿਤ ਖੇਤਰ, ਇਤਨੇ ਅਹਿਮ ਤੇ ਲੰਮੇ-ਚੌੜੇ ਮੈਦਾਨੀ ਤੇ ਪਹਾੜੀ ਇਲਾਕੇ ਵਿੱਚ ਇੱਕ ਅਜਿਹੇ ਰਾਜ ਦੀ ਸਥਾਪਨਾ ਸੀ ਜੋ ਉਨ੍ਹਾਂ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਸ਼ੁਭ ਬਚਨਾਂ ਨੂੰ ਵੱਸ ਲੱਗਦੇ ਅਮਲੀ ਰੂਪ ਦੇਕੇ, ਠੀਕ ਅਰਥਾਂ ਵਿੱਚ 'ਹਲੇਮੀ ਰਾਜ' ਹੋਣ ਤੇ ਅਖਵਾਉਣ ਦਾ ਮਾਣ ਪ੍ਰਾਪਤ ਕਰ ਸਕੇ:

*ਹੁਣਿ ਹੁਕਮੁ ਹੋਆ ਮਿਹਰਵਾਣ ਦਾ ।। ਪੈ ਕੋਇ ਨ ਕਿਸੈ ਰਞਾਣਦਾ ।। ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।।*

(ਪੰਨਾ ੭੪)

ਇਸ ਅਨੂਠੇ ਪਰ ਬੜੇ ਔਖੇ ਆਦਰਸ਼ ਦੀ ਪੂਰਤੀ ਲਈ ਜੋ ਨੀਤ ਤੇ ਨੀਤੀ ਉਨ੍ਹਾਂ ਨੇ ਅਪਣਾਈ ਸੀ, ਉਸ ਦਾ ਮੂਲ ਧੁਰਾ ਸਿੱਖ ਸਿਧਾਂਤ ਤੇ ਪਰੰਪਰਾ ਉੱਤੇ ਆਧਾਰਿਤ ਨਿਰਪੱਖਤਾ, ਉਦਾਰਤਾ ਤੇ ਦਿਆਲਤਾ ਵਰਗੇ ਸਦਗੁਣਾਂ ਦੀ ਅਮਲੀ ਵਰਤੋਂ ਸੀ ।

ਉਨ੍ਹਾਂ ਨੇ ਆਪਣੇ ਇੱਕ ਬਦੇਸ਼ੀ ਕਾਰਿੰਦੇ, ਮੇਜਰ ਲਾਰੈਂਸ ਨੂੰ ਸੰਨ ੧੮੩੦ ਵਿੱਚ ਕੋਟ ਕਾਂਗੜੇ ਦਾ ਪ੍ਰਬੰਧ ਸੌਂਪਣ ਲੱਗਿਆਂ, ਜੋ ਲਿਖਤੀ ਹੁਕਮ, ਸਲਾਹ ਤੇ ਨਸੀਹਤ ਦਿੱਤੀ ਸੀ, ਉਸ ਵਿੱਚ ਇਹ ਗੱਲ ਵੀ ਬੜੇ ਸਾਫ ਲਫਜ਼ਾਂ ਵਿੱਚ ਇਉਂ ਅੰਕਿਤ ਸੀ:

***....the guilty as the innocent I spared, and those whose hands were raised against myself, have met my clemency.***

''ਮੈਂ ਦੋਸ਼ੀਆਂ ਨੂੰ ਨਿਰਦੋਸ਼ਾਂ ਵਾਂਗ ਹੀ ਬਖਸ਼ ਦੇਂਦਾ ਰਿਹਾ ਹਾਂ ਅਤੇ ਜਿਨ੍ਹਾਂ ਬੰਦਿਆਂ ਦੇ ਹੱਥ ਮੇਰੀ ਆਪਣੀ ਜਾਤ ਵਿਰੁੱਧ ਵੀ ਉਠੇ ਸਨ, ਉਨ੍ਹਾਂ ਉਤੇ ਵੀ ਮੈਂ ਦਇਆ ਹੀ ਕੀਤੀ ਹੈ ।''

*(Lawrence, adventures of an Officer in the Punjab, London-1846, Vol.1.p.63)*

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਹ ਸੁਨਹਿਰੀ ਕਥਨ ਇੱਕ ਅਕੱਟ ਇਤਿਹਾਸਕ ਸੱਚਾਈ ਦਾ ਹੀ ਲਿਖਤੀ ਤੇ ਤਸਦੀਕੀ ਬਿਆਨ ਹੈ ।

ਉਸ ਸਮੇਂ ਦਾ ਅੰਗਰੇਜ਼ ਕਮਾਂਡਰ-ਇਨ-ਚੀਫ, ਸਰ ਹੈਨਰੀ ਫੇਨ, ਦਾ ਏਡੀਕਾਂਗ

* ੬੦੫, ਸੈਕਟਰ ੧੬-ਡੀ, ਚੰਡੀਗੜ੍ਹ

ਕੈਪਟਨ ਫੇਨ, ਜੋ ਸੰਨ ੧੮੩੭ ਵਿੱਚ ਪੰਜਾਬ ਵਿੱਚ ਵਿਚਰਦਾ ਰਿਹਾ ਸੀ, ਆਪਣੇ ਰੋਜ਼ਨਾਮਚੇ ਰਾਹੀਂ ਦੱਸਦਾ ਹੈ:

*Ranjeet among his subjects has the character generally of a kind and generous master and one of the best princes that has ever reigned in India. As evidence of his being a really good and amiable man, may be cited his kindness to children (two or three of whom he has seen crawling about the darbar) and the fact of his never having, since he conquered the country, put a man to death for even the most heinous crimes. At all events it is certain that, without the punishment of death, this chief yet manages to keep his wild people in perfect subjection.*

''ਮਹਾਰਾਜਾ ਰਣਜੀਤ ਸਿੰਘ ਦਾ ਸੁਭਾਅ ਤੇ ਕਿਰਦਾਰ ਆਪਣੀ ਪਰਜਾ ਵਿੱਚ, ਆਮ ਤੌਰ ਤੇ ਦਿਆਲੂ ਤੇ ਉਦਾਰ ਮਾਲਕ ਵਾਲਾ ਹੈ। ਉਹ ਹਿੰਦੁਸਤਾਨ ਉੱਤੇ ਰਾਜ ਕਰ ਚੁੱਕੇ ਸਭ ਤੋਂ ਵਧੀਆ ਬਾਦਸ਼ਾਹਾਂ ਵਿਚੋਂ ਇਕ ਹਨ । ਉਨ੍ਹਾਂ ਦਾ, ਅਸਲੋਂ ਹੀ, ਇੱਕ ਚੰਗਾ ਤੇ ਮਿਲਾਪੜਾ ਮਨੁੱਖ ਹੋਣ ਦੀ ਸਾਖ ਉਨ੍ਹਾਂ ਦੀ ਬੱਚਿਆਂ ਲਈ ਸਨੇਹ-ਭਾਵਨਾ (ਜਿਨ੍ਹਾਂ ਵਿਚੋਂ ਦੋ ਤਿੰਨ ਤਾਂ ਦਰਬਾਰ ਵਿੱਚ ਰੀਂਗਦੇ ਉਸ ਨੇ ਆਪ ਵੇਖੇ ਸਨ) ਅਤੇ ਕਿਸੇ ਘੋਰ ਅਪਰਾਧ ਦੇ ਦੋਸ਼ੀ ਨੂੰ ਵੀ ਕਦੇ ਮੌਤ ਦੀ ਸਜ਼ਾ ਨਾ ਦੇਣ ਵਾਲੀ ਅਸਲੀਅਤ ਭਰਦੀ ਹੈ । ਹੋਰ ਭਾਵੇਂ ਕੁਝ ਵੀ ਹੋਵੇ, ਇਹ ਗੱਲ ਤਾਂ ਯਕੀਨੀ ਹੈ ਕਿ ਉਹ ਮੌਤ ਦੀ ਸਜ਼ਾ ਦਿੱਤੇ ਬਿਨਾਂ ਹੀ, ਆਪਣੇ ਅਥਰੇ ਲੋਕਾਂ ਨੂੰ ਵੀ ਪੂਰੇ ਵੱਸ ਵਿੱਚ ਰੱਖੇ ਰੱਖਦੇ ਹਨ।''

*(Fane, Five Years in India, 1835-1839, London - 1842, pp. 95)*

ਫੇਨ ਤੋਂ ਵੀ ਦੋ ਕੁ ਵਰ੍ਹੇ ਪਹਿਲਾਂ, ਭਾਵ ੧੮੩੫ ਦੇ ਪੰਜਾਬ ਵਿੱਚ ਵਿਚਰਦੇ ਰਹੇ ਆਸਟਰੀਅਨ ਸਾਇੰਸਦਾਨ, ਬੈਰਨ ਹੀਊਗਲ ਨੇ ਵੀ ਇਸ ਤੱਥ ਦੀ ਸ਼ਾਹਦੀ ਭਰਦਿਆਂ ਆਪਣੇ ਸਫਰਨਾਮੇ ਵਿੱਚ ਲਿਖਿਆ ਸੀ: *The Maharaja is always unwilling to inflict the punishment of death or mutilation.* ''ਮਹਾਰਾਜਾ ਰਣਜੀਤ ਸਿੰਘ ਕਿਸੇ ਨੂੰ ਵੀ ਮੌਤ ਜਾਂ ਅੰਗ-ਕਟਾਈ ਦੀ ਸਜ਼ਾ ਦੇਣ ਲਈ ਕਦੇ ਵੀ ਰਜ਼ਾਮੰਦ ਨਹੀਂ ਹੁੰਦੇ ।'' *(Hugel, Travels in Cashmere and the Panjab, London, 1845, p.317)*

ਈਸਟ ਇੰਡੀਆ ਕੰਪਨੀ ਦਾ ਡਾਕਟਰ, ਮੈਗਰੇਗਰ, ਵੀ ਉਨ੍ਹਾਂ ਨੂੰ ਹੱਦੋਂ-ਵੱਧ ਸਖੀ ਤੇ ਕਿਰਪਾਲੂ ਮੰਨਦਿਆਂ ਅਤੇ ਉਕਤ ਵਿਚਾਰ ਦੀ ਪੁਸ਼ਟੀ ਕਰਦਿਆਂ ਦੱਸਦਾ ਹੈ :

*(He was an exception of Oriental monarchs and never wantonly inflicted either captital punishment or mutilation.* ''ਮਹਾਰਾਜਾ ਸਾਹਿਬ ਪੂਰਬ ਦੇ ਬਾਦਸ਼ਾਹਾਂ ਨਾਲੋਂ ਵਿਸ਼ੇਸ਼ ਤੇ ਵਿਲੱਖਣ ਸਨ । ਉਨ੍ਹਾਂ ਨੇ ਮੌਤ ਜਾਂ ਅੰਗ-ਕਟਾਈ ਦੀ ਸਜ਼ਾ, ਬੇਪਰਵਾਹੀ ਜਾਂ ਬਦਮਸਤੀ ਦੇ ਖੁਮਾਰ ਵਿੱਚ ਵੀ, ਕਦੇ ਵੀ ਕਿਸੇ ਨੂੰ ਨਹੀਂ ਦਿੱਤੀ ।'' *('M' Gregor, The History of the Sikhs, Lon-*

don-1846, Vol. 1, p.281)

ਲੁਧਿਆਣਾ ਦੀ ਬਰਤਾਨਵੀ ਏਜੰਸੀ ਦੇ ਇੱਕ ਅੰਗਰੇਜ਼ ਅਫਸਰ, ਹੈਨਰੀ ਪ੍ਰਿੰਸਪ, ਨੇ ਉਨ੍ਹਾਂ ਦੇ ਸੁਭਾਅ ਤੇ ਰਾਜ ਪ੍ਰਬੰਧ ਦੀ ਇਹ ਖਾਸੀਅਤ ਉਨ੍ਹਾਂ ਦੇ ਜੀਉਂਦੇ ਜੀਅ ਲਿਖ ਛਾਪ ਕੇ, ਸੰਨ ੧੮੩੪ ਵਿੱਚ ਪ੍ਰਕਾਸ਼ਤ ਵੀ ਕਰ ਦਿੱਤੀ ਸੀ ਕਿ *There is no ferocity in his disposition and he has never taken life, even under circumstances of aggravated offence.* ''ਉਨ੍ਹਾਂ ਦੇ ਮਿਜਾਜ਼ ਵਿੱਚ ਵਹਿਸ਼ਤ ਜਾਂ ਬੇਰਹਿਮੀ ਦਾ ਤਾਂ ਨਾਂ-ਨਿਸ਼ਾਨ ਵੀ ਨਹੀਂ । ਉਨ੍ਹਾਂ ਨੇ ਗੰਭੀਰ ਤੇ ਸੰਗੀਨ ਜੁਰਮ ਦੀ ਹਾਲਤ ਵਿੱਚ ਵੀ, ਕਿਸੇ ਵੀ ਮੁਜ਼ਰਮ ਦੀ ਜਾਨ ਕਦੇ ਵੀ ਨਹੀਂ ਗਵਾਈ।'' *(Prinsep, Origin of the Sikh Power in the Punjab, etc, London 1834, p. 143)*

ਉਸੇ ਏਜੰਸੀ ਦੇ ਇੱਕ ਹੋਰ ਅੰਗਰੇਜ਼ ਅਫਸਰ, ਕੈਪਟਨ ਮਰੇ, ਨੇ ਉਨ੍ਹਾਂ ਦੇ ਇਸੇ ਨਿਰੀਖਣ ਨੂੰ ਦੁਹਰਾਉਂਦਿਆਂ, ਇਹ ਵੀ ਦੱਸਿਆ ਸੀ ਕਿ *Humanity indeed or rather a tenderness for Life, was a trait in the character of Ranjit Singh. There is no instance of his having wantonly imbued his hands in blood.* ''ਉਦਾਰਤਾ ਜਾਂ ਸਗੋਂ ਮਨੁੱਖਾ ਜੀਵਨ ਲਈ ਹਾਰਦਿਕ ਸਨੇਹ, ਰਣਜੀਤ ਸਿੰਘ ਦੇ ਚਾਲ-ਚਲਨ ਦਾ, ਨਿਰਸੰਦੇਹ, ਇਕ ਵਿਸ਼ੇਸ਼ ਲੱਛਣ ਸੀ । ਇਸ ਗੱਲ ਦੀ ਕੋਈ ਇੱਕ ਮਿਸਾਲ ਕਿਤੇ ਵੀ ਨਹੀਂ ਮਿਲਦੀ ਕਿ ਉਨ੍ਹਾਂ ਨੇ ਆਪਣੇ ਹੱਥ ਕਦੇ ਵੀ, ਬੇਪਰਵਾਹੀ ਜਾਂ ਖਰਮਸਤੀ ਵਿੱਚ, ਕਿਸੇ ਦੇ ਖ਼ੂਨ ਨਾਲ ਰੰਗੇ ਹੋਣ । *(Murray, History of British India, with continuation, comprising, War in the Panjab, London-18, P. 61)*

ਸ੍ਰ: ਖੁਸ਼ਵੰਤ ਸਿੰਘ ਅਨੁਸਾਰ ਤਾਂ *In the history of the world, it would be hard to find another despot who never took life in cold blood, yet built as large an empire as Ranjit's.* ''ਸਮੂਹ ਸੰਸਾਰ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਅਜਿਹੇ ਤਾਨਾਸ਼ਾਹ ਦਾ ਜ਼ਿਕਰ ਲੱਭਣਾ ਔਖਾ ਹੋਵੇਗਾ, ਜਿਸ ਨੇ ਕਿਸੇ ਨੂੰ ਵੀ ਬੇਰਹਿਮੀ ਨਾਲ ਨਾ ਮਾਰਿਆ ਹੋਵੇ ਅਤੇ ਜਿਸ ਨੇ ਫਿਰ ਵੀ ਇੰਨੀ ਵੱਡੀ ਸ਼ਹਿਨਸ਼ਾਹੀ ਕਾਇਮ ਕਰ ਲਈ ਹੋਵੇ ਜਿੰਨੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਸੀ । *(Khushwant Singh, Ranjit Singh : Maharaja of the Punjab, London-1962, p.8)*

ਸ਼ੇਰੇ ਪੰਜਾਬ ਤਾਂ ਸਗੋਂ ਆਪਣੇ ਵੈਰੀਆਂ ਤੇ ਵਿਰੋਧੀਆਂ ਉੱਤੇ ਵੀ ਦਇਆ ਕਰਦੇ ਤੇ ਕਰਾਉਂਦੇ ਰਹੇ ਹਨ । ਹੋਰ ਤਾਂ ਹੋਰ, ਉਨ੍ਹਾਂ ਦੇ ਕੱਟੜ ਦੁਸ਼ਮਣ ਵੀ ਜਦੋਂ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਸਨ ਤਾਂ ਉਹ ਵਧੇਰੇ ਤਰਸ ਅਤੇ ਖਿਮਾ ਤੋਂ ਹੀ ਕੰਮ ਲੈਂਦੇ ਸਨ । *(Lawrence's Observatioon on Ranjit Singh in the Calcutta Review, August-1844.)* ਜੈਨਰਲ ਗਾਰਡਨ ਦਾ ਇਹ ਨਿਰੀਖਣ ਅਜਿਹੇ ਸ਼ੁਭ-ਵਿਹਾਰ ਤੇ ਵਰਤਾਰੇ ਦੀ ਹੀ ਪੁਸ਼ਟੀ ਕਰਦਾ ਹੈ : *Generous to the vanquished, it never being his policy to reduce any one*

to desperation. "ਉਹ ਹਾਰੇ ਹੋਏ ਬੰਦੇ ਲਈ ਬੜੇ ਉਦਾਰ ਸਨ । ਕਿਸੇ ਵੀ ਬੰਦੇ ਨੂੰ ਨਿਰਾਸ਼ਤਾ ਦੀ ਹੱਦ ਤੱਕ ਪਹੁੰਚਾ ਦੇਣ ਵਾਲੀ ਨੀਤੀ, ਉਨ੍ਹਾਂ ਦੀ ਕਦੇ ਵੀ ਨਹੀਂ ਹੋਈ।" *(Garden, The Sikhs, London- 1904, p.111)* ਪਿਸ਼ਾਵਰ ਦੇ ਯਾਰ ਮੁਹੰਮਦ ਤੇ ਦੋਸਤ ਮੁਹੰਮਦ ਅਤੇ ਭਿੰਬਰ ਦੇ ਸੁਲਤਾਨ ਖਾਨ ਨਾਲ ਕੀਤਾ ਗਿਆ ਸਲੂਕ ਅਜਿਹੇ ਵਤੀਰੇ ਦੀਆਂ ਕੁਝ ਅਭੁੱਲ ਉਦਾਹਰਣਾਂ ਹਨ। *(Latif, History of the Panjab, Calcutta-1891, p.473; Hasrat, Life and Times of Ranjit Singh, Nabha-1977, p.345, etc.)*

ਅਸਲ ਵਿੱਚ, ਉਹ ਦੋਸ਼ੀਆਂ ਨੂੰ ਸਖਤੀ ਦੀ ਥਾਂ ਬਖਸ਼ਿਸ਼ ਦੇ ਭਾਰ ਹੇਠ ਦਬਾ ਦੇਂਦੇ ਸਨ ਕਿ ਉਹ ਉਸ ਦੇ ਅਸਰ ਹੇਠ ਅੱਗੇ ਤੋਂ, ਸੁਤੇ-ਸਿੱਧ ਹੀ ਸੁਧਰ ਜਾਂਦੇ ਸਨ।

ਜਿਥੋਂ ਤੱਕ ਫਤਹਿ ਕਰਕੇ ਅਧੀਨ ਕਰ ਲਏ ਵਿਰੋਧੀਆਂ ਦਾ ਸੰਬੰਧ ਹੈ, ਮਹਾਰਾਜਾ ਸਾਹਿਬ ਦੀ ਨੀਤੀ ਅਤੇ ਉਸ ਉੱਤੇ ਅਮਲੀ ਵਰਤੋਂ ਉਕਤ ਸੁਭਾਅ ਦਾ ਹੀ ਇੱਕ ਹੋਰ ਚਮਤਕਾਰੀ ਪੱਖ ਸੀ । ਉਸ ਵਿੱਚ ਹੋਈ ਸ਼ਾਨਦਾਰ ਸਫਲਤਾ ਦਾ ਜ਼ਿਕਰ ਕਰਦਿਆਂ, ਪ੍ਰਿੰ: ਸੀਤਾ ਰਾਮ ਕੋਹਲੀ ਨੇ ਲਿਖਿਆ ਹੈ: *Ranjit Singh's Policy of subjugating other principalities succeeded because he took care to provide liberal compensation, Some of the princes were glad to accept jagirs and live a secure, retired life; others more active, to serve under the Maharaja and merge their forces with the State army.*

"ਮਹਾਰਾਜਾ ਰਣਜੀਤ ਸਿੰਘ ਦੀ ਹੋਰ ਰਜਵਾੜਿਆਂ ਨੂੰ ਅਧੀਨ ਕਰ ਲੈਣ ਦੀ ਨੀਤੀ ਬੜੀ ਸਫਲ ਹੋਈ ਸੀ, ਕਿਉਂਕਿ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੇ ਪਹਿਲੇ ਮਾਲਕਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਬੜੀ ਖੁੱਲ੍ਹ-ਦਿਲੀ ਨਾਲ ਨਿਵਾਜਣ ਵੱਲ ਖਾਸ ਧਿਆਨ ਦਿੱਤਾ ਸੀ । ਕੁਝ ਰਾਜੇ ਤੇ ਨਵਾਬ ਤਾਂ ਜਾਗੀਰਾਂ ਪ੍ਰਵਾਨ ਕਰਨ ਅਤੇ ਉਨ੍ਹਾਂ ਦੁਆਰਾ ਸੁਖੀ ਤੇ ਸੁਰੱਖਿਅਤ ਜੀਵਨ ਬਿਤਾਉਣ ਉਤੇ ਹੀ ਖੁਸ਼ ਹੋ ਗਏ ਸਨ । ਉਨ੍ਹਾਂ ਵਿਚੋਂ ਜੋ ਵਧੇਰੇ ਚੁਸਤ ਸਨ, ਉਹ ਮਹਾਰਾਜੇ ਦੇ ਅਧੀਨ ਸੇਵਾ ਕਰਨ ਅਤੇ ਆਪਣੀਆਂ ਫੌਜਾਂ ਉਨ੍ਹਾਂ ਦੀ ਸ਼ਾਹੀ ਸੈਨਾ ਵਿੱਚ ਹੀ ਸ਼ਾਮਲ ਕਰ ਦੇਣ ਵਿੱਚ ਪ੍ਰਸੰਨ ਹੋ ਗਏ ਸਨ । *(Kohli, Sunset of the Sikhs Empire, New Delhi-1967.p.7)*

ਤਦੇ ਤਾਂ ਉਕਤ ਲਾਰੰਸ ਵੀ ਇਹ ਉਦੋਂ ਹੀ ਲਿਖ ਗਿਆ ਸੀ : *Members of deposed ruling families may be seen in Delhi and Kabul in a state of penury, but in the Punjab there is not to be seen a single ruling familywhose territories may have been conquered by Ranjit Singh, and which may have been left unprovided for by him. Not only the Sikh ruling houses, but those of other faiths too were provided for by him with equal munificence.* "ਤਖ਼ਤੋਂ ਲੱਥੇ ਰਾਜ-ਘਰਾਣਿਆਂ ਦੇ ਜੀਅ ਦਿੱਲੀ ਤੇ

ਕਾਬਲ ਵਿੱਚ ਅਤਿ ਗਰੀਬੀ ਤੇ ਬੇਵਸੀ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ। ਪਰ ਪੰਜਾਬ ਵਿੱਚ ਕੋਈ ਵੀ ਅਜਿਹਾ ਘਰਾਣਾ ਨਜ਼ਰ ਨਹੀਂ ਆਉਂਦਾ ਜਿਸ ਦੇ ਰਾਜ-ਖੇਤਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਫਤਹਿ ਕਰਨ ਉਪਰੰਤ, ਚੋਖੀ ਜਾਗੀਰ ਜਾਂ ਪੈਨਸ਼ਨ ਨਾਲ ਨਿਵਾਜ ਕੇ ਅਜਿਹੀ ਬੇਵਸੀ ਤੇ ਰੁਸਵਾਈ ਤੋਂ ਬਚਾ ਨਾ ਲਿਆ ਹੋਵੇ । ਉਨ੍ਹਾਂ ਨੇ ਤਾਂ ਕੇਵਲ ਸਿੱਖ ਰਾਜ-ਘਰਾਣਿਆਂ ਨੂੰ ਹੀ ਨਹੀਂ, ਹੋਰਨਾਂ ਮੱਤਾਂ ਦੇ ਵੀ ਸਭ ਅਜਿਹੇ ਖਾਨਦਾਨਾਂ ਨੂੰ ਵੀ ਉਸੇ ਤਰ੍ਹਾਂ ਦੀ ਸ਼ਾਹਾਨਾ ਫਿਆਜ਼ੀ ਨਾਲ ਨਿਵਾਜ ਦਿੱਤਾ ਸੀ ।'' *(Lawrence, as quoted in Maharaja Ranjit Singh First Death Centenary Memorial, London - 1846, p. 208)* ਲਾਹੌਰ ਦੇ ਸਰਦਾਰ ਚੇਤ ਸਿੰਘ, ਕਸੂਰ ਦੇ ਨਵਾਬ ਕੁਤਬਦੀਨ, ਕਾਂਗੜੇ ਦੇ ਰਾਜਾ ਸੰਸਾਰ ਚੰਦ ਅਤੇ ਮੁਲਤਾਨ ਦੇ ਨਵਾਬ ਮੁਜ਼ੱਫਰਦੀਨ ਆਦਿ ਨਾਲ ਕੀਤੀ ਅਜਿਹੀ ਮਿਹਰਬਾਨੀ ਅਤੇ ਬਖਸ਼ਿਸ਼ ਅਤੇ ਹਕੀਕਤ ਦੀ ਖੁਲ੍ਹੇਬੰਦ, ਤਸਦੀਕ ਕਰਦੀ ਹੈ । (ਮਿਸਾਲ ਵਜੋਂ, ਵੇਖੋ : ਸੋਹਣ ਲਾਲ, ਉਮਦਾ-ਤੂ-ਤਵਾਰੀਖ ਉਹੀ, ਦਫਤਰ ੩, ਪੰਨਾ ੯੩ *Gough, The Sikhs and the Sikh Wars, London- 1897, pp.35-36; Latif, History of the Punjab, Calcutta-1891, pp.350-351; Maharaja Ranjit Singh Centenary Memorial. p.25)*

ਜਿਥੋਂ ਤੱਕ ਮਹਾਰਾਜੇ ਦੀ ਆਪਣੀ ਜਾਤ ਉਤੇ ਹੋਏ ਮਾਰੂ ਵਾਰਾਂ ਦਾ ਸੰਬੰਧ ਹੈ, ਉਨ੍ਹਾਂ ਨੂੰ ਬਹੁਤ ਨੇੜਿਉਂ ਹੋ ਕੇ ਵੇਖਣ ਤੇ ਬਿਆਨਣ ਵਾਲਾ ਆਸਬੋਰਨ ਲਿਖਦਾ ਹੈ: *He is mild and merciful as a ruller .... except in actual open warfare, he has never been known to take life, though his own has been attempted more than once.* ''ਉਹ ਇਕ ਹੁਕਮਰਾਨ ਦੇ ਤੌਰ 'ਤੇ ਨਰਮ ਦਿਲ ਤੇ ਰਹਿਮ ਦਿਲ ਹਨ । .. ਉਨ੍ਹਾਂ ਨੇ ਖੁੱਲ੍ਹੇ ਮੈਦਾਨ ਹੋਈ ਲੜਾਈ ਤੋਂ ਸਿਵਾ, ਕਦੇ ਕਿਸੇ ਨੂੰ ਜਾਨੋਂ ਨਹੀਂ ਮਾਰਿਆ, ਭਾਵੇਂ ਉਨ੍ਹਾਂ ਦੀ ਆਪਣੀ ਜਾਨ ਲੈਣ ਲਈ ਇਕ ਤੋਂ ਵੱਧ ਜਤਨ ਹੋ ਚੁੱਕੇ ਹਨ ।'' *(Osborne, The Court & Camp of Ranjeet Singh, London-1840, p. 38)*

ਫਕੀਰ ਘਰਾਣੇ ਦੇ ਵਿਦਵਾਨ ਵਾਰਸ, ਸੱਯਦ ਵਹੀਦ-ਉਦ-ਦੀਨ, ਨੇ ਮਾਨੋ ਇਸੇ ਹਕੀਕਤ ਦੀ ਪੁਸ਼ਟੀ ਕਰਦਿਆਂ, ਅਜੋਕੇ ਹੀ, ਲਿਖਿਆ ਹੈ: *(There was practically no capital punishment which even modern government have not been able to abolish. It was not awarded even when an attempt was made on the life of the Maharaja himself.* ''ਉਨ੍ਹਾਂ ਦੇ ਰਾਜ ਵਿੱਚ ਮੌਤ ਦੀ ਸਜ਼ਾ, ਜੋ ਨਵੀਨ ਸਰਕਾਰਾਂ ਅਜੇ ਵੀ ਹਟਾ ਨਹੀਂ ਸਕੀਆਂ, ਅਮਲੀ ਤੌਰ 'ਤੇ ਬਿਲਕੁਲ ਨਹੀਂ ਸੀ । ਇਹ ਤਾਂ ਜਦੋਂ ਉਨ੍ਹਾਂ ਦੀ ਆਪਣੀ ਜਾਨ ਉਤੇ ਵੀ ਵਾਰ ਹੋਇਆ ਸੀ, ਉਦੋਂ ਵੀ ਸੰਬੰਧਿਤ ਮੁਜ਼ਰਮ ਨੂੰ ਨਹੀਂ ਦਿੱਤੀ ਗਈ ਸੀ।''

♦

# शुभ विचार

**नानकु आखै रे मना सुणीए सिख सही ॥**
**लेखा रबु मंगेसीआ बैठा कढ वही ॥**

(श्री गुरु ग्रंथ साहिब जी, पृष्ठ ६५३)

श्री गुरु नानक देव जी महाराज अपने मन को
संबोधित करते हुए कहते हैं,
रे मन सही शिक्षा यह है,
जो भी तु बुरा काम करेगा उसका तुझे हिसाब देना पडेगा ।
जब तेरे कर्मों का खाता खुलेगा तब पता चलेगा ।

# श्री गुरु हरगोबिंद साहिब जी

-स. तेजा सिंघ सोढी

## माता पिता तथा जन्म दिन स्थान :

श्री गुरु हरिगोबिंद साहिब जी २१ आषाढ (वदी ६) संवत १६५२ को श्री गुरु अर्जन देव जी के घर श्री माता गंगा देवी जी की कोख से गांव वडाली जिला अंमृतसर में अवतार धारी हुए ।

## शादी :

श्री गुरु हरिगोबिंद साहिब जी के तीन विवाह हुए : १) डला गांव निवासी नारायण दास की सपुत्री दमोदरी जी के साथ १२ भाद्रपद संवत १६६१ को डल्ले गांव में हुई । २) बकाला गांव निवासी हरीचन्द की सपुत्री नानकी जी के साथ ८ वैसाख संवत १६७० को बकाला गांव में हुई । ३) मंडिआली गांव निवासी दया राम जी की सपुत्री श्रीमती महां देवी (मरवाही) जी के साथ ११ सवंत १६७२ को मंडिआली गांव (जिला शैखपुरा पाकिस्तान) में हुई ।

## संतान :

बाबा गुरदित्ता जी कत्तक सुदी १५ संवत १६७० को डरौली भाई माता दमोदरी जी की कोख से पैदा हुये।

बीबी वीरो जी सावन ११ संवत १६७३ को अंमृतसर माता दमोदरी जी की कोख से पैदा हुई ।

सूरज मल जी आषाढ संवत १६७४ को करतारपुर में माता महां देवी जी की कोख से पैदा हुए तथा संवत १६९५ में कीरतपुर में समाए।

अणी राए जी २६ माघ संवत १६७५ को अंमृतसर माता दमोदरी जी की कोख से तथा संवत १६९१ में कीरतपुर समाए ।

बाबा अट्टल राए जी कतक (कार्तिक) की पूर्णमाशी संवत १६७७ को माता महा देवी जी की कोख से अमृतसर में पैदा हुए तथा १६८५ में अंमृसर समाए ।

श्री गुरु तेग बहादुर जी बैशाख ५ संवत १६७८ सन १६२२ को माता नानकी जी की कोख से अंमृतसर अवतार धारी हुए तथा माघ सुदी ५ संवत १७३२ को दिल्ली में शहीद हुए ।

## गुरु गद्दी की प्राप्ति :

श्री गुरु अर्जन देव जी ने जहांगीर के बुलाने पर लाहौर चलने से एक दिन पहले २९ ज्येष्ठ (जेठ वदी १४) संवत १६६२ (सन २५-५-१६६०६) को अपने इकलौते शूरवीर सपुत्र श्री गुरु हरिगोबिंद साहिब जी को गुरु गद्दी पर स्थापित कर दिया । उस समय साहिबजादे श्री हरिगोबिंद जी की आयु केवल ग्यारह साल की थी ।

## मीरी पीरी की दो तलवारें :

श्री गुरु अर्जन देव जी की शाहीदी के बाद पुरातन गुरु मर्यादा के अनुसार सेलो तथा माला फकीरों के चिन्ह धारन करने की जगह श्री गुरु हरिगोबिंद साहिब जी ने दो तलवारें एक दाएं एक बाएं तरफ धारण की ।

इसका कारण आप जी ने यह बताया

कि अब भक्ति के साथ शूरवीरता का होना भी जरुरी है । इस लिए शूरवीरता के चिन्ह धारन करने की आवश्यकता है, सेली तथा माला अपनानें का अब यह समय नहीं रहा ।

### तख्त की रचना :

गुरू जी ने ५ आषाढ संवत १६६५ को अपने बैठने के लिए तख्त अकाल बुँगा बनवाया। इस के ऊपर बैंठकर गुरू जी भक्ति मार्ग के उपदेश भी देते के साथ वीर रस का उपदेश भी देते थे । गुरू गद्दी के तखत पर बैठ कर आप ने सब संगतो तथा मसंदों को हुकम दिया कि आगे से गुरू घर की भेंट के साथ अच्छा घोडा तथा शस्त्र भी लाया करें ।

पहले पांच गुरू साहिब जी गद्दी पर बैठ कर फकीरानां पहरावा रखते थे परन्तु गुरू हरगोबिंद जी ने तखत पर बैठ कर राजसी (शास्त्रधारीं) पहरावा धारण करके घोड. सवारी और शस्त्रों के चलाने का अभ्यास आरम्भ कर दिया । इस बारे भाई गुरदास जी ने लिखा है–

"अरजन काइया पलटी कै
मूरति हरगोबिंद सवारी ।।
दल भंनज गुर सुरमा वड जोधा
वहु परोपकारी ।।" .

### दीवान चंदू की दुश्मनी :

श्री गुरू अर्जन देव जी के प्रसंग में बताया गया है कि जहांगीर बादशाह का दिवान चंदूमल अपनी लडकी का रिश्ता साहिबजादा हरगोबिंद जी के साथ करना चाहता था पर गुरू अर्जन देव जी ने उसको नहीं माना था । इसलिए चंदुमल गुरू जी के साथ दुश्मनी रखने लगा तथा जहांगीर को इनके विरुद्ध उकसाता रहा ।

### चंदू की शिकायत :

सबसे पहले चंदू ने जहांगीर के पास शिकायत की कि गुरू अर्जन देव जी का पुत्र हरगोबिंद अपने पिता की शहीदी का बदला लेने के लिए जंग का सामान तथा सेना इकट्ठी कर रहा है । इसने गद्दी लगा कर बैठने वाली अपनी पुरानी मर्यादा को छोड कर अपने बैठने के लिए तखत बना लिया है । उस तखत पर बैठकर बादशाहों की तरह अदालत लगाता है तथा आदेश देता है। फकीर क्या ? तथा तखत पर बैठना क्या ? तखत बादशाहों के लिए होते हैं, फकीरों के लिए गद्दीयां होती हैं । अपने आपको सच्चा बादशाह कहलाता है । इनको अगर अभी वश में न किया गया तो फिर यह किसी दिन भी हजुर की बादशाही को खतरा पैदा कर सकता है ।

### गुरु जी ने दिल्ली जाना :

चंदू की ऐसी उकसाने वाली बातें सुनकर जहांगीर को बडी चिन्ता हो गई । उसने वजीर खां तथा किंचत बेग़ अपने दो वफादार एहलकारों को गुरू जी को दिल्ली लाने के लिए अमृतसर भेजा । वजीर खां गुरू अर्जन देव जी का बडा श्रध्दालु सिख था इसलिए बादशाह के आदेशं दनुसार यह दोनों एहलकार गुरु जी को बडे सम्मान के साथ अंमृतसर से दिल्ली ले आए। कुछ तैयार हुए सिख भी गुरु जी आपने साथ ले गए ।

नोट : मैकालिफ साहिब ने अपनी पुस्तक : 'सिख रिलिजन' में गुरु जी का दिल्ली जाना २ माघ सम्वत् १६६९ (जनवरी सन १६१२) लिखा है ।

### दिल्ली जहांगीर को मिलना :

वजीर खां तथा किंचत बेग ने गुरु जी

का डेरा मजनु के टिल्ले पर लगवा दिया तथा जहांगीर को खबर दे दी कि गुरु जी दिल्ली आ गए है । जहांगीर गुरु जी को दुसरे तीसरे दिन अपने दरबार में मिला तथा बातचीत करके बहुत प्रसन्न हुआ ।

### ग्वालियर के किले में :

कुछ दिनों के बाद जहांगीर गुरु जी को आपने साथ शिकार खेलने के लिए आगरा ले गया । आगरा जाकर चंदू आदि विरोधियों के उकसाने पर गुरु जी को जहांगीर ने ग्वालीयर के किल्ले में बंद कर दिया ।

### माता जी तथा सिखों को चिंता :

उस समय ग्वालियर का किला मुगल बादशाहों के विरोधीयों तथा राज घराने के लिए एक प्रसिध्द बंदी गृह बना हुआ था । जो एक बार इसमें बंद किया जाता था वह फिर मर कर ही बाहर निकलता था । इसलिए आपजी को इस बदनाम किले में बंद करने से माता जी तथा और सिख संगतों को गहरी चिंता हो गई ।

### साई मीयां मीर का दिल्ली जाना :

जब माता जी को इस बात का पता चला तो आप जी ने बाबा बुड्ढा जी आदि सिखों को साईं मीयां मीर जी के पास लाहौर भेजा कि आप जहांगीर को मिलकर गुरु जी को ग्वालियर के किल्ले से बाहर निकलवाएं, माता जी का संदेश सुन कर साईं जी दिल्ली पहुंचकर वजीर खां को मिले, उसके साथ सलाह करके फिर बादशाह को मिलकर बताया कि चन्दू अपनी लडकी का रिश्ता श्री हरिगोबिंद जी के साथ करना चाहता था पर चन्दू को अभिमानी समझ कर श्री गुरु अर्जन देव जी ने इसकी लडकी का रिश्ता लेने से इंकार कर दिया था । इस बात का बदला लेने के लिए आप के आदेश की आड लेकर इनके पिता श्री गुरु अर्जन देव जी को बेअंत कष्ट देकर लाहौर शहीद करवा दिया था तथा अब उनके सुपुत्र श्री गुरु हरिगोबिंद जी को समाप्त करना चाहता है ।

यह अभी १६-१७ वर्ष का नाबालिग निर्दोष बच्चा है । जिस को किसी के उकसाने पर दु:ख नहीं देना चाहिए ।

### साईं जी की इज्जत :

बादशाह जहांगीर साईं मियां मीर जी की बहुत इज्जत करता था । इस बारे उसने अपने रोजनांमचे में लिखा है-'हजरत मियां मीर जी परमात्मा के सच्चे तथा प्यारे भक्त हैं । आप मन की पवित्रता तथा सब से ऊंची करनी वाले महांपुरुष हैं ।' आदि ।

### रिहाई का आदेश :

अपनी इतनी श्रध्दा के कारण जहांगीर साईं जी की कोई बात नहीं टाल सकता था । इस लिए सांईं जी के कहने पर जहांगीर ने गुरु जी को किले में से छोड देने का आदेश दे दिया तथा वजीर खां को कहा कि गुरु जी को ग्वालियर से निकाल कर दिल्ली ले आये ।

### बंदी छोड गुरु जी :

इस किले में गुरु जी की नजरबंदी के समय और भी बहुत से राजपूत राजा तथा राज घराने के आदमी, जिनकी संख्या ५२ लिखी हुई है, खुसरों की मदद करने के आरोप में बंदी थे। गुरु जी ने इनसे बादशाह के वफादार रहने का प्रण लेकर तथा जहांगीर को स्वयं इनकी वफादारी का भरोसा देकर इनको भी कैद से छुडवाया । इस परोपकार के परिणाम स्वरुप गुरु जी को बडे सम्मान के साथ 'बंदी छोड पीर'

के नाम से याद किया जाता है । इनकी यादगार के तौर पर ग्वालियर के किले में एक चबुतरे पर आज तक बंदी छोड पीर का बोर्ड देखा जा सकता है । वजीर खां ने ग्वालियर से लाकर आप जी का डेरा फिर मजनू टिल्ले करवा दिया ।

### जहांगीर की गुरु जी के साथ मित्रता :

गुरु जी का शारीरिक डीलडौल, ताकत तथा शस्त्र विद्या के करतव देख कर जहांगीर प्रकट तौर पर गुरु जी के साथ प्रेम करता था । गुरु जी के साथ शिकार खेलता था, चौपड खेलता था, तथा और भी बहुत होस-परिहास तथा प्यार की बांते करता रहता था पर अंदर से उन पर भरोसा नहीं करता था । उसको भय था कि जैसे चंन्दू ने बताया हुआ है यह अपने पिता का बदला लेने के लिए मेरे से आजाद होकर मेरे विरुध्द कोई बगावत न खडी कर दें । इस लिए जहांगीर गुरु जी को हमेशा अपनी निगरानी में ही रखता था । जहांगीर की इस नीति का पता हमें उसकी आगे लिखी राजनीतिक चालों से स्पष्ट लग जाता है ।

### जहांगीर की पहली चाल :

ग्वालीयर किले से दिल्ली पहुंचकर गुरु जी ने जब कुछ समय बाद अंमृसर जाने की इच्छा प्रगट की तो जहांगीर ने कहां कि अभी कुछ दिन और ठहर जाओ, मैने काश्मीर को जाना है, मेरे साथ ही आप चलें ।

### दूसरी चाल :

बाद में जब बादशाह काश्मीर को जाने के लिए दिल्ली से चल कर, लाहौर को जाता हुआ, गोइंदवाल पहुंचा तो पत्तन से लांघ कर गुरु जी ने जहांगीर को कहा कि यहां से आप का तथा हमारा रास्ता अलग हो जाता है । आप ने लाहौर को जाना है तथा हम ने अमृतसर । गुरु जी की यह बात सुन कर जहांगीर ने कहा कहा मै भी आप के साथ अमृतसर जाकर आप के मंदिर के दर्शन करके फिर आगे लाहौर को जाउंगा ।

### तीसरी चाल :

इस तरह गुरु जी तथा जहांगीर दोंनो अमृतसर आ गए । जहांगीर ने अपना डेरा गांव गुमटाले के नजदीक गुरु जी की रौड में कर लिया तथा गुरु जी को घर भेज दिया ।

कुछ दिन अमृतसर विश्राम करके जब जहांगीर लाहौर को जाने लगा तो वह वजीर खां तथा किंचत बेग को कुछ सेना देकर पीछे अमृतसर ही छोड गया तथा पक्की कर गया कि गुरु जी को लेकर जल्दी लाहौर पहुंच जाना।

### गुरु जी का लाहौर जाना :

जहांगीर के इस आदेशानुसार वजीर खां तथा किचंत बेग कुछ दिनों के बाद गुरु जी को अपने साथ लेकर लाहौर पहुंच गए । गुरु जी का डेरा मुजंगां में लगवा कर वजीर खां ने जहांगीर को खबर दी कि गुरु जी को मुजंगी उतार दिया है ।

### चौथी चाल :

कुछ समय लाहौर ठहरने के बाद जहांगीर जब कश्मीर को चला तो आपने पुत्र शाहजहान को सम्मुख करके गुरु जी को कहा कि आप मेरे शहजादे से मेरे जैसा ही वर्ताव करना जब तक मैं काश्मीर से वापिस न आ जाऊं आप यहां लाहौर में ही ठहरे ।

यह थी जहांगीर की राजनीति की चाले जिनसे स्पष्ट हो जाता है कि जहांगीर गुरु जी को खुली आजादी नहीं देना चाहता था बाहर से

